ਜੁਲਾਈ 2014

# ਅੰਮ੍ਰਿਤ ਕੀਰਤਨ




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ–ਕਾਫ਼ੀਆਂ

## ਮ

ਮੌਤ ਜ਼ਾਲਮ ਹੈ ਸੱਭ ਤੋਂ ਵੱਡੀ
ਨਾ ਛੱਡਦੀ ਸ਼ਾਹ ਫਕੀਰਾਂ ਹੂ।

ਹਸ਼ਰ ਦੀ ਰਾਤੀ, ਜਦ ਆ ਪੈਂਦੀ
ਕਰਦੀ ਲੀਰਾਂ ਲੀਰਾਂ ਹੂ।

ਸ਼ਾਹ ਸੁਲਤਾਨ ਕਾਰੂ ਜਹੇ ਚਲ ਗਏ
ਨਾ ਛਡਿਆ ਔਲੀਆਂ, ਪੀਰਾਂ ਹੂ।

ਸੰਤੋਖ ਬੰਦੇ ਫਿਰ ਅਸਾਂ ਕੀ ਰਹਿਣਾ
ਪਾਪੀ ਠੱਗ ਹਕੀਰਾਂ ਹੂ।

**ਪੁਸਤਕ –ਗੁੱਝੀਆਂ ਰਮ ਾਂ   ਕਵੀ ਸੁਰਗਵਾਸੀ ਸੰਤ ਸੰਤੋਖ ਸਿੰ**

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**

**ਸ ਹਰਚੰਦਨ ਸਿੰ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
, ਸੈਕ ਰ -ਏ, ਚੰਡੀਗ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੋਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਕਰਉ ਬੇਨੰਤੀਆ – ਮਨਮੁਖ 5

ਗੁਰਮਤਿ ਸੰਗੀਤ ਵਿਚ ਰਾਗ ਦੇਵਗੰਧਾਰੀ ਤੇ ਦੇਵਗੰਧਾਰ
ਡਾ. ਗੁਰਨਾਮ ਸਿੰਘ 7

ਨਾਮਵਰ ਕੀਰਤਨੀਏ ਭਾਈ ਮਾਨ ਸਿੰਘ ਜੀ ਪੰਛੀ
ਕਰਮ ਸਿੰਘ ਰਤਨ 10

ਗੁਰਮਤਿ ਸੰਗੀਤ ਅਤੇ ਭਾਰਤੀ ਕੀਰਤਨ ਪਰੰਪਰਾਵਾਂ ਦਾ ਤੁਲਨਾਤਮਕ ਅਧਿਐਨ
ਡਾ.ਵਰਿੰਦਰ ਕੌਰ 19

ਸੁਰ ਲਿਪੀ – ਰਾਗ ਸਾਰੰਗ
ਨਰਿੰਦਰ ਕੌਰ 25

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੇਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ ਰਿਟਰਨ ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

Thanks for "Amrit Kirtan" edition of April 2014. The musical Frame work of Sri Guru Grant Sahib in English by S. Amardeep Singh is very interesting, educative and well researched document. It is expected that music lovers of Gurbani Shabad and particularly musicians on Foreign lands will gain rich experience of treasure from the Musical Heritage of Sikh Guru Sahibans as enshrined in Sri Guru Grant Sahib.

S. Karam Singh Rattan Article "Guru Ateh Raag - Sikh Ateh Neiyemm" is also well written commentary. But his reference towards Dholki - Chimmta Kirtania seems to be not in good taste as so many question arise:

a) Had any one at any time or occasion gave sangat on Dholki or tabla or any such instrument while Sri Guru Nanak Dev ji sung "Allahi Bani" (Shabads) at the melodious tune of Bhai Mardana ji Rababa?

b) In the presence of Guru Sahibans Darbar, did Raagi Kirtan accompanied by Tabla or Dholki?

c) During Maharaja Ranjit Singh reign, Bhai Sham Singh was the Kirtania, perhaps longest inning he did, at Sri Harmandir Singh, Amritsar, who gave him the sangat on Tabla or Dholki.

d) When Kirtan with Tabla or Dholki was introduced or started at Darbar Sahib, Amritsar?

e) Can Tabla replace the place of Dholki in Jottian De Shabad Singing in Parbhat Pheri's and Nagar Kirtan?

f) What is the present status of Dholki in Sikh Heritage of Saral Shabad Kirtan?

g) Dholki has a vide variety of forms used in all over India from Region to region and from different worship places. Can an expert enlighten us, which form used in Gurudwara's and other religious Centre?

In my opinion, the Sikhs centuries old tradition of Kirtan with and Chimmtta should be encouraged and effort should be made to produced master Dholki prayer to match tablaeechee. So that Kirtanias with Dholki-Chimmtta may get its due respect.

I have the rare opportunity to listen Kirtan of Sant Surjan Singh at his make shift wooden Dera at Multani Dhanda, Paharganj, New Delhi during 1953-54 as I was staying in hut nearby. My memory came afresh by reading S. Rattan article. I remember there was a sizeule sangat to listen his Kirtan. After singing a shabad for few minutes, he started Katha and Viakhya most of time. Doing Katha during Kirtan is not the job of Kirtania. There are many katha Wachak's available. A Kirtania should strictly sing Gurbani Shabads in its original Raag given in Sri Guru Grant Sahib. It is doubtful that those Raggi take long in Katha rather than singing raag lack knowledge of Ragga's and cover their shortcoming, they took to Katha and Viakhya. It is important that Raagi may start Kirtan by announcing first "Raag Asa Mohala-I or Raag Basant etc. and then from Ist line of the shabad (not from middle or last line) so that listeners may understand and enjoy.

Bhagwant Singh

204 D, Street No.36, Arjun Nagar, Safdarjung Enclave, New Delhi -110029

# ਕਰਉ ਬੇਨੰਤੀਆ

## ਮਨਮੁਖ

ਮਨਮੁਖ ਦੇ ਸਰਲ ਜਿਹੇ ਅਰਥ ਹਨ– ਉਹ ਵਿਅਕਤੀ ਜੋ ਮਨ ਦੇ ਆਖੇ ਲੱਗੇ। ਮਨ ਕੀ ਚਾਹੁੰਦਾ ਹੈ, ਮਨ ਚਾਹੁੰਦਾ ਹੈ ਤਤਕਾਲਿਕ ਸੁਖ। ਕੁਦਰਤ ਦੇ ਅਸੂਲ ਹਨ ਜਿੰਦਗੀ ਨੂੰ ਅੱਗੇ ਵਧਾਉਣ ਦੇ। ਪਰ ਮਨ ਦੇ ਪਿੱਛੇ ਲੱਗਣ ਵਾਲਾ ਕੇਵਲ ਵਕਤੀ ਸਰੀਰਕ ਅਤੇ ਮਾਨਸਿਕ ਸੌਖ ਲਈ ਉਹ ਕੁਝ ਕਰਦਾ ਹੈ ਜੋ ਉਸ ਨੂੰ ਚੰਗਾ ਲਗਦਾ ਹੈ, ਉਹ ਉਹ ਕੁਝ ਨਹੀਂ ਕਰਦਾ ਜੋ ਕਰਨਾ ਚਾਹੀਦਾ ਹੈ। ਜਿਵੇਂ ਸਰੀਰਕ ਤੰਦਰੁਸਤੀ ਲਈ ਕਸਰਤ ਜਾਂ ਸੈਰ ਜਰੂਰੀ ਹੈ। ਪਰ ਮਨ ਸਵੇਰੇ ਬਿਸਤਰੇ ਤੋਂ ਉਠਣਾ ਨਹੀਂ ਚਾਹੁੰਦਾ ਤੇ ਮਨ ਪਿੱਛੇ ਲੱਗ ਕੇ ਕੁਝ ਹੋਰ ਸੁਸਤਾਉਣ ਲੱਗ ਪੈਂਦਾ ਹੈ।

ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ ॥

The self-willed manmukh is very lazy; he is trapped in the wilderness.

ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ ॥

He is drawn to the bait, and continually pecking at it, he is trapped; his link to the Lord is ruined.

ਜਾਂ ਮਨ ਦੇ ਪਿੱਛੇ ਲੱਗ ਕੇ ਠੀਕ ਨੂੰ ਠੀਕ ਤੇ ਗਲਤ ਨੂੰ ਗਲਤ ਕਹਿਣ ਤੋਂ ਡਰਦਾ ਰਹਿੰਦਾ ਹੈ। ਗੁਰਬਾਣੀ ਅਨੁਸਾਰ –

ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ ॥

The self-willed manmukh is cowardly and ugly; lacking the Name of the Lord, his nose is cut off in disgrace.

ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ ॥

Night and day, he is engrossed in worldly affairs, and even in his dreams, he finds no peace.

ਨਾਨਕ ਗੁਰਮੁਖਿ ਹੋਵਹਿ ਤਾ ਉਬਰਹਿ ਨਾਹਿ ਤ ਬਧੇ ਦੁਖ ਸਹਾਹਿ ॥੧॥

O Nanak, if he becomes Gurmukh, then he shall be saved; otherwise, he is held in bondage, and suffers in pain. ||1||

ਗੁਰਬਾਣੀ ਵਿੱਚ ਮਨਮੁਖ ਬਾਰੇ ਹੋਰ ਕਾ ੀ ਕੁਝ ਕਿਹਾ ਗਿਆ ਹੈ। ਆ ਇਹਨਾਂ ਤੁਕਾਂ ਨੂੰ ਅੰਗਰੇ ੀ ਤਰਜਮੇ ਸਮੇਤ ਵਾਚੀਏ। ਜਦੋਂ ਅਸੀਂ ਕਿਸੇ ਦੂਜੀ ਾ ਾ ਵਿੱਚ ਤਰਜਮਾਂ ਵਾਚਦੇ ਹਾਂ ਤਾਂ ਅਰਥ ਹੋਰ ਸਪ ਹੁੰਦੇ ਹਨ।

ਇਹ ਇੰਜ ਹੀ ਹੈ ਜਿਵੇਂ ਕਿਸੇ ਨ ਾਰੇ ਨੂੰ ਥੋ ਾ ਦੂਰ ਤੋਂ ਵੇਖਣ ਨਾਲ ਉਹ ਹੋਰ ਸਪ ਹੁੰਦਾ ਹੈ–

ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥

The self-willed manmukhs are polluted. They are filled with the pollution of egotism, wickedness and desire.

ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥

Those who do not recognize the Shabad are manmukhs.

ਗੁਰ ਕੇ ਭੈ ਕੀ ਸਾਰ ਨ ਜਾਣਹਿ ॥

They do not know the essence of the Fear of the Guru

ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥

He dwells forever in the minds of the virtuous. He is far removed from those worthless people who lack virtue.

ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥

The self-willed manmukhs are totally without virtue. Without the Name, they die in frustration. ||2||

ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥

The self-willed manmukhs stand there and dry up; they do not bear any fruit, and they do not provide any shade.

ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥

Don't even bother to sit near them-they have no home or village.

ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ ॥੪॥

They are cut down and burnt each day; they have neither the Shabad, nor the Lord's Name. ||4||

ਇਕ ਪੁਰਾਣਾ ਸੰਪਾਦਕੀ

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

ਗੁਰਸਿੱਖ ਸੰਜੋਗ ਪੰਦਰਾ–ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਗੁਰਮਤਿ ਸੰਗੀਤ ਵਿਚ ਰਾਗ ਦੇਵਗੰਧਾਰੀ ਤੇ ਦੇਵਗੰਧਾਰ

ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੇਵਗੰਧਾਰੀ ਰਾਗ ਨੂੰ ਰਾਗਾਤਮਕ ਕ੍ਰਮ ਵਿਚ ਛੇਵੇਂ ਸਥਾਨ ਤੇ ਪੰਨਾ ੫੨੭ 'ਤੇ ਅੰਕਿਤ ਹੈ। ਇਸ ਰਾਗ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਰੂਪ ਵਿਚ ਕੀਤੀ ਗਈ ਹੈ ਜਿਸ ਦੇ ਅੰਤਰਗਤ ਕੇਵਲ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। ਦੇਵਗੰਧਾਰੀ ਰਾਗ ਵਿਚ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੇ ਚਉਪਦੇ ਬਾਣੀ ਰੂਪ ਵਿਚ ਅੰਕਿਤ ਹਨ। ਇਸ ਰਾਗ ਵਿਚ ਭਗਤਾਂ ਦੁਆਰਾ ਰਚਿਤ ਬਾਣੀ ਉਪਲਬਧ ਨਹੀਂ ਜਿਸ ਤੋਂ ਇਸ ਰਾਗ ਦੇ ਗੁਰਮਤਿ ਸੰਗੀਤ ਨਾਲ ਅੰਤਰੀਵੀ ਮੌਲਿਕ ਸਬੰਧ ਪ੍ਰਗਟ ਹੁੰਦੇ ਹਨ।

ਵਿਦਵਾਨ ਦੇਵਗੰਧਾਰੀ ਰਾਗ ਨੂੰ ਸੰਗੀਤ ਜਗਤ ਦਾ ਪ੍ਰਾਚੀਨ ਤੇ ਅਪ੍ਰਚਲਤ ਰਾਗ ਮੰਨਦੇ ਹਨ ਪਰੰਤੂ ਦੇਵਗੰਧਾਰੀ ਰਾਗ ਦਾ ਪ੍ਰਚਲਨ ਗੁਰਮਤਿ ਸੰਗੀਤ ਪੱਧਤੀ ਤੋਂ ਇਲਾਵਾ ਭਾਰਤੀ ਸੰਗੀਤ ਵਿਚ ਘੱਟ ਹੀ ਮਿਲਦਾ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਸਵਰਮੇਲ ਕਲਾਨਿਧੀ ਅਤੇ ਸੰਗੀਤ ਪਾਰਿਜਾਤ ਵਿਚ ਇਸ ਰਾਗ ਦਾ ਉਲੇਖ ਪ੍ਰਾਪਤ ਹੁੰਦਾ ਹੈ। ਪੁਸਤਕ ਰਾਗ ਵਿਆਕਰਣ ਅਨੁਸਾਰ ਭਾਰਤੀ ਸੰਗੀਤ ਵਿਚ ਦੇਵਗੰਧਾਰੀ ਰਾਗ ਦੇ ਤਿੰਨ ਸਰੂਪ ਪ੍ਰਚਾਰ ਵਿਚ ਹਨ : 1. ਆਸਾਵਰੀ ਅੰਗ, 2. ਆਸਾਵਰੀ ਅਤੇ ਆਸਾ ਅੰਗ, 3. ਤੋੜੀ ਅੰਗ। ਭਾਰਤੀ ਸੰਗੀਤ ਵਿਚ ਇਸ ਰਾਗ ਦਾ ਨਾਂ ਦੇਵਗੰਧਾਰੀ ਤੋੜੀ ਵੀ ਮਿਲਦਾ ਹੈ। ਆਧੁਨਿਕ ਥਾਟ ਪੱਧਤੀ ਅਨੁਸਾਰ ਦੇਵਗੰਧਾਰੀ ਕਿਸੇ ਥਾਟ ਦੇ ਅੰਤਰਗਤ ਨਹੀਂ ਆਉਂਦਾ ਕਿਉਂਕਿ ਇਹ ਇਕ ਜਟਿਲ ਰਾਗ ਹੈ। ਥਾਟ-ਉਪ-ਥਾਟ ਪੱਧਤੀ ਅਨੁਸਾਰ ਅਸੀਂ ਇਸ ਰਾਗ ਦਾ ਵਰਗੀਕਰਨ ਆਸਾਵਰੀ ਅਤੇ ਬਿਲਾਵਲ ਥਾਟ ਵਿਚ ਕਰ ਸਕਦੇ ਹਾਂ। ਗੁਰਮਤਿ ਸੰਗੀਤ ਵਿਚ ਇਸ ਰਾਗ ਦੇ ਆਸਾਵਰੀ, ਭੈਰਵ ਤੇ ਬਿਲਾਵਲ ਥਾਟ ਵਿਚ ਪ੍ਰਕਾਰ ਉਪਲਬਧ ਹਨ। ਆਸਾਵਰੀ ਥਾਟ ਦੇ ਦੇਵਗੰਧਾਰੀ ਰਾਗ ਵਿਚ ਦੋਵੇਂ ਧੈਵਤ ਦੋਵੇਂ ਨਿਸ਼ਾਦ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਮਧਿਅਮ ਤੇ ਸੰਵਾਦੀ ਸੁਰ ਸ਼ੜਜ ਹੈ। ਇਸ ਦੇ ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ ਹਨ। ਇਸ ਰਾਗ ਦਾ ਅਵਰੋਹ ਸੰਪੂਰਨ ਹੈ।

ਇਸ ਲਈ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਭੈਰਵ ਥਾਟ ਦੇ ਦੇਵਗੰਧਾਰੀ ਰਾਗ ਵਿਚ ਦੋਵੇਂ ਧੈਵਤ ਅਤੇ ਦੋਵੇਂ ਨਿਸ਼ਾਦ ਪ੍ਰਯੋਗ ਕੀਤੇ ਜਾਂਦੇ ਹਨ। ਇਸ ਰਾਗ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਰਾਗ ਦੀ ਜਾਤੀ ਔੜਵ-ਸੰਪੂਰਨ

ਅਤੇ ਸਮਾਂ ਦਿਨ ਦਾ ਪਹਿਲਾ ਪਹਿਰ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਦੇਵਗੰਧਾਰੀ ਨੂੰ ਬਿਲਾਵਲ ਥਾਟ ਦਾ ਸੰਪੂਰਨ ਰਾਗ ਸਵੀਕਾਰਿਆ ਹੈ ਅਤੇ ਇਸ ਦਾ ਵਾਦੀ ਸੁਰ ਸ਼ੜਜ ਅਤੇ ਸੰਵਾਦੀ ਪੰਚਮ ਸਵੀਕਾਰਿਆ ਗਿਆ ਹੈ। ਗੁਰਮਤਿ ਸੰਗੀਤ ਵਿਚ ਰਾਗ ਨਿਰਣਾਇਕ ਕਮੇਟੀ ਅਤੇ ਹੋਰ ਕਈ ਵਿਦਵਾਨਾਂ ਨੇ ਦੇਵਗੰਧਾਰੀ ਦੇ ਸਰੂਪ ਨੂੰ ਇਸ ਤਰ੍ਹਾਂ ਪ੍ਰਵਾਨ ਕੀਤਾ ਹੈ ਕਿ ਇਸ ਰਾਗ ਵਿਚ ਦੋਵੇਂ ਧੈਵਤ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦੇ ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ ਹਨ। ਅਵਰੋਹ ਸੰਪੂਰਨ ਹੈ ਅਤੇ ਇਸ ਵਿਚ ਗੰਧਾਰ ਦੁਰਬਲ ਲਗਾਇਆ ਜਾਂਦਾ ਹੈ। ਇਸ ਲਈ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਮਧਿਅਮ ਤੇ ਸੰਵਾਦੀ ਸੁਰ ਸ਼ੜਜ ਹੈ। ਇਹ ਰਾਗ ਦਿਨ ਦੇ ਦੂਜੇ ਪਹਿਰ ਗਾਇਆ ਤੇ ਵਜਾਇਆ ਜਾਂਦਾ ਹੈ। ਇਸ ਦੇ ਆਰੋਹ ਵਿਚ ਸਾ, ਰੇ, ਮ, ਪ, ਧ, ਸਾ, ਸੁਰ ਲੱਗਦੇ ਹਨ ਅਤੇ ਅਵਰੋਹ ਵਿਚ ਸਾ, ਨੀ, ਧ, ਪ, ਮ, ਪ, ਧ (ਕੋਮਲ), ਨੀ (ਕੋਮਲ), ਧ (ਕੋਮਲ) ਪ, ਮ, ਗ, ਰੇ, ਸਾ।

ਦਸਮ ਗ੍ਰੰਥ ਵਿੱਚ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ਼ਬਦ ਰਚਨਾਵਾਂ ਵਾਂਗੂੰ ਦੇਵਗੰਧਾਰੀ ਵਿਚ ਵੀ ਕੁਝ ਸ਼ਬਦ ਰਚਨਾਵਾਂ ਅੰਕਿਤ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਰਗਤ ਦੇਵਗੰਧਾਰੀ ਰਾਗ ਦੀ ਬਾਣੀ ਅਧੀਨ ਹੀ ਇਕ ਦੇਵਗੰਧਾਰ ਰਾਗ ਦਾ ਪ੍ਰਯੋਗ ਵੀ ਮਿਲਦਾ ਹੈ। ਇਸ ਰਾਗ ਦੇ ਪ੍ਰਯੋਗ ਸਬੰਧੀ ਵਿਦਵਾਨਾਂ ਵਿਚ ਵਖਰੇਵਾਂ ਹੈ। ਸ੍ਰੀ ਗੁਰੂਗ੍ਰੰਥ ਸਾਹਿਬ ਦੀਆਂ ਕੁਝ ਪੁਰਾਤਨ ਬੀੜਾਂ ਵਿਚ ਪੰਨਾ ੫੩੧ 'ਤੇ ਰਾਗ ਦੇਵਗੰਧਾਰੀ ਦੇ ਅੰਤਰਗਤ ਦੇਵਗੰਧਾਰ ਮਹਲਾ ੫ ਸਿਰਲੇਖ ਅਧੀਨ ਇਕ ਸ਼ਬਦ 'ਅਪੁਨੇ ਹਰਿ ਪਹਿ ਬਿਨਤੀ ਕਹੀਐ' ਮਿਲਦਾ ਹੈ। ਵਰਤਮਾਨ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ ਰਾਗ ਦੇਵਗੰਧਾਰ ਦੀ ਥਾਂ ਦੇਵਗੰਧਾਰੀ ਹੀ ਅੰਕਿਤ ਹੈ। ਕੁਝ ਵਿਦਵਾਨ ਇਸ ਰਾਗ ਨੂੰ ਦੇਵਗੰਧਾਰੀ ਹੀ ਮੰਨਦੇ ਹਨ ਪਰੰਤੂ ਅਸੀਂ ਗੁਰਮਤਿ ਸੰਗੀਤ ਸੰਮੇਲਨ ਲਈ ਗਠਤਿ ਰਾਗ ਨਿਰਣਾਇਕ ਕਮੇਟੀ ਨੇ ਲੰਬੀ ਵਿਚਾਰ ਉਪਰੰਤ ਸੰਤ ਬਾਬਾ ਸੁੱਚਾ ਸਿੰਘ, ਪ੍ਰਿੰਸੀਪਲ ਸਤਿਬੀਰ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ ਅਤੇ ਲੇਖਕ ਨੇ ਇਸ ਰਾਗ ਦੇ ਗਾਇਨ ਲਈ ਸਹਿਮਤੀ ਦਿੰਦਿਆਂ ਇਸ ਰਾਗ ਨੂੰ ਗੁਰਮਤਿ ਸੰਗੀਤ ਪੱਧਤੀ ਦੇ ਇਕ ਰਾਗ ਵਜੋਂ ਮਾਨਤਾ ਦਿੱਤੀ ਜਿਸ ਦਾ ਗਾਇਨ ਵਿਸ਼ੇਸ਼ ਰੂਪ ਵਿਚ ਕਰਵਾਇਆ ਗਿਆ।

ਭਾਰਤੀ ਸੰਗੀਤ ਵਿਚ ਇਹ ਰਾਗ ਨੂੰ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਅਧੀਨ ਰਖਿਆ ਗਿਆ ਹੈ। ਪ੍ਰਾਚੀਨ ਗ੍ਰੰਥਾਂ ਵਿਚ ਵੀ ਇਸ ਰਾਗ ਦਾ ਉਲੇਖ ਮਿਲਦਾ ਹੈ। ਦੇਵਗੰਧਾਰ ਰਾਗ ਦੇ ਨਾਦਾਤਮਕ ਸਰੂਪ ਚਾਰ ਪ੍ਰਕਾਰ ਦੇ ਮਿਲਦੇ ਹਨ, ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ। ਦੇਵਗੰਧਾਰ ਰਾਗ ਦੇ ਆਸਾਵਰੀ ਥਾਟ ਅਧੀਨ ਤਿੰਨ ਸਰੂਪ ਮਿਲਦੇ ਹਨ, ਜਿਨ੍ਹਾਂ ਵਿਚੋਂ ਪਹਿਲੇ ਪ੍ਰਕਾਰ ਵਿਚ ਵਿਦਵਾਨਾਂ ਨੇ ਇਸ ਦੀ ਜਾਤੀ ਸੰਪੂਰਨ ਮੰਨੀ ਹੈ, ਇਸ ਵਿਚ ਵਾਦੀ ਧੈਵਤ, ਸੰਵਾਦੀ ਗੰਧਾਰ ਸੁਰ ਮੰਨਿਆ ਹੈ। ਇਸ ਵਿਚ ਧੈਵਤ, ਨਿਸ਼ਾਦ ਕੋਮਲ ਅਤੇ ਦੋਵੇਂ ਗੰਧਾਰ ਵਰਤੇ ਜਾਂਦੇ ਹਨ। ਕੁਝ ਵਿਦਵਾਨ ਇਸੇ ਪ੍ਰਕਾਰ ਵਿਚ ਹੀ ਆਰੋਹ ਵਿਚ ਗੰਧਾਰ ਵਰਜਿਤ ਕਰਕੇ ਇਸ ਦੀ ਜਾਤੀ ਸ਼ਾੜਵ-ਸੰਪੂਰਨ ਮੰਨਦੇ ਹਨ। ਦੇਵਗੰਧਾਰ ਦੇ ਆਸਾਵਰੀ ਥਾਟ ਅਧੀਨ ਹੀ ਕੁਝ

ਵਿਦਵਾਨ ਇਸ ਦੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਮੰਨਦੇ ਹਨ। ਵਾਦੀ-ਸੰਵਾਦੀ ਗੰਧਾਰ-ਧੈਵਤ ਨੂੰ ਹੀ ਮੰਨਿਆ ਗਿਆ ਹੈ। ਇਸ ਵਿਚ ਗੰਧਾਰ, ਨਿਸ਼ਾਦ ਅਤੇ ਧੈਵਤ ਕੋਮਲ ਵਰਤੇ ਗਏ ਹਨ ਅਤੇ ਗਾਇਨ ਸਮਾਂ ਦਿਨ ਦਾ ਦੂਸਰਾ ਪਹਿਰ ਮੰਨਿਆ ਗਿਆ ਹੈ। ਦੇਵਗੰਧਾਰ ਰਾਗ ਦਾ ਚੌਥਾ ਸਰੂਪ ਬਿਲਾਵਲ ਥਾਟ ਅਧੀਨ ਮਿਲਦਾ ਹੈ। ਇਸ ਰਾਗ ਦੀ ਜਾਤੀ ਔੜਵ-ਸੰਪੂਰਨ ਮੰਨੀ ਗਈ ਹੈ। ਇਸ ਰਾਗ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਸਵੇਰ ਦਾ ਮੰਨਿਆ ਜਾਂਦਾ ਹੈ। ਇਸ ਰਾਗ ਦਾ ਵਿਸਥਾਰ ਦਾ ਸਥਾਨ ਮੱਧ ਅਤੇ ਤਾਰ ਸਪਤਕ ਮੰਨਿਆ ਗਿਆ ਹੈ।

ਗੁਰਮਤਿ ਸੰਗੀਤ ਦੀ ਰਾਗ ਨਿਰਣਾਇਕ ਕਮੇਟੀ ਅਤੇ ਹੋਰ ਗੁਰਮਤਿ ਸੰਗੀਤ ਵਿਦਵਾਨਾਂ ਨੇ ਰਾਗ ਦੇਵਗੰਧਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਅਧੀਨ ਸੁਤੰਤਰ ਰਾਗ ਸਵੀਕਾਰਿਆ ਹੈ। ਇਸ ਰਾਗ ਨੂੰ ਆਸਾਵਰੀ ਥਾਟ ਅਧੀਨ ਇਸ ਦੇ ਆਰੋਹ ਵਿਚ ਗੰਧਾਰ ਵਰਜਿਤ ਕਰਕੇ ਸ਼ਾੜਵ-ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਸਰਾ ਪਹਿਰ ਅਤੇ ਵਾਦੀ-ਸੰਵਾਦੀ ਗੰਧਾਰ-ਧੈਵਤ ਨੂੰ ਹੀ ਪ੍ਰਵਾਨ ਕੀਤਾ ਹੈ। ਇਸ ਵਿਚ ਧੈਵਤ, ਨਿਸ਼ਾਦ ਕੋਮਲ ਅਤੇ ਦੋਵੇਂ ਨਿਸ਼ਾਦ ਵਰਤੇ ਗਏ ਹਨ। ਇਸ ਰਾਗ ਆਰੋਹ ਵਿਚ ਸ, ਰੇ ਮ ਪ ਧ (ਕੋਮਲ) ਮ, ਪ ਧ (ਕੋਮਲ) ਨੀ (ਕੋਮਲ) ਸਂ ਤੇ ਅਵਰੋਹ ਵਿਚ ਸਂ ਨੀ (ਕੋਮਲ) ਧ (ਕੋਮਲ) ਪ, ਮ ਮਗ (ਮ ਸੁਰ ਦੇ ਕਣਯੁਕਤ ਗ ਕੋਮਲ) ਰੇ ਸ, ਰੇ ਨੀ (ਕੋਮਲ) ਸ ਰੇ ਗ ਗ ਮ ਪ ਮਗ (ਮ ਸੁਰ ਦੇ ਕਣਯੁਕਤ ਗ ਕੋਮਲ) ਰੇ ਸ।

ਚਿੱਤਰਕਾਰ ਸ੍ਰੀ ਬੋਧਰਾਜ ਵੱਲੋਂ 1992 ਵਿਚ ਰਾਗ ਦੇਵਗੰਧਾਰੀ ਦਾ ਇਕ ਖੂਬਸੂਰਤ ਪੇਟਿੰਗ ਆਪਣੀ ਕਲਪਨਾ ਅਨੁਸਾਰ ਤਿਆਰ ਕੀਤੀ ਗਈ ਹੈ ਜਿਸ ਵਿਚ ਉਨ੍ਹਾਂ ਹਰਿਮੰਦਰ ਸਾਹਿਬ ਦੇ ਪਰਿਪੇਖ ਵਿਚ ਦੇਗਵੰਧਾਰੀ ਰਾਗ ਨੂੰ ਚਿਤਰਿਆ ਹੈ।

ਰਾਗ ਦੇਵਗੰਧਾਰੀ ਦਾ ਗਾਇਨ ਗੁਰਮਤਿ ਸੰਗੀਤ ਦੇ ਕੀਰਤਨਾਰਾਂ ਵਲੋਂ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ ਜਿਨ੍ਹਾਂ ਵਿਚੋਂ ਭਾਈ ਬਖਸ਼ੀਸ਼ ਸਿੰਘ, ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ, ਭਾਈ ਬਲਬੀਰ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਪ੍ਰੋਫ਼ੈਸਰ ਸੁਰਿੰਦਰ ਸਿੰਘ, ਭਾਈ ਗੁਰਦੇਵ ਸਿੰਘ, ਭਾਈ ਗੁਰਮੀਤ ਸਿੰਘ, ਪ੍ਰੋਫ਼ੈਸਰ ਕੁਲਵੰਤ ਸਿੰਘ ਚੰਦਨ, ਪ੍ਰੋਫ਼ੈਸਰ ਪਰਮਜੋਤ ਸਿੰਘ ਆਦਿ ਪ੍ਰਮੁੱਖ ਹਨ। ਇਨ੍ਹਾਂ ਕੀਰਤਨਕਾਰਾਂ ਦੀ ਆਵਾਜ਼ ਵਿਚ ਇਸ ਰਾਗ ਦਾ ਗਾਇਨ **www.gurmatsangeetpup.com, www.vismaadnaad.org., www.youtube.com, www.jawadditaksal.org** ਵੈੱਬਸਾਈਟਸ ਤੋਂ ਵੀ ਸੁਣਿਆ ਜਾ ਸਕਦਾ ਹੈ।

ਪ੍ਰੋਫੈਸਰ ਅਤੇ ਮੁਖੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਨਾਮਵਰ ਕੀਰਤਨੀਏ ਭਾਈ ਮਾਨ ਸਿੰਘ ਜੀ ਪੰਛੀ

ਕਰਮ ਸਿੰਘ ਰਤਨ

ਸਿੱਖ ਰਾਜਪੂਤ ਕੌਮ ਦੇ ਨਾਮਵਰ ਕੀਰਤਨੀਏ, ਭਾਈ ਮਾਨ ਸਿੰਘ ਜੀ ਪੰਛੀ ਜੀ ਦਾ ਨਾਮ ਸਿੱਖ ਰਾਜਪੂਤ ਕੌਮ ਵਿਚ ਬੜੇ ਫਖਰ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਆਪ ਜੀ ਗੁਰਮਤਿ ਸੰਗੀਤ ਦੇ ਇਕ ਮਹਾਨ ਗਾਇਕ ਸਨ। ਆਪ ਜੀ ਦੀ ਆਵਾਜ਼ ਬਹੁਤ ਭਾਰੀ ਅਤੇ ਦਮਦਾਰ ਸੀ ਅਤੇ ਸੁਰੀਲੀ ਸੀ ਅਤੇ ਆਪ ਜੀ ਜਿੱਥੇ ਸੁਗਮ ਸੰਗੀਤ ਦੇ ਗਾਇਨ ਵਿਚ ਬਹੁਤ ਅੱਛੀ ਮੁਹਾਰਤ ਰੱਖਦੇ ਸਨ। ਉਥੇ ਆਪ ਜੀ ਸ਼ਾਸਤਰੀ ਸੰਗੀਤ ਦੇ ਵੀ ਉੱਚ ਕੋਟੀ ਦੇ ਗਾਇਕ ਸਨ। ਕੀਰਤਨ ਵਿਚ ਐਸਾ ਰਸ ਕਿ ਜਦੋਂ ਆਪ ਜੀ ਕੀਰਤਨ ਕਰਦੇ ਸਨ, ਤਾਂ ਕਿਸੇ ਸਰੋਤੇ ਦੀ ਇਹ ਹਿੰਮਤ ਨਹੀਂ ਸੀ ਪੈਂਦੀ ਕਿ ਉਹ ਉਹਨਾਂ ਦੇ ਕੀਰਤਨ ਵਿਚੋਂ ਉੱਠ ਕੇ ਚਲਾ ਜਾਵੇ, ਆਪ ਜੀ ਕਥਾ ਅਤੇ ਵਿਆਖਿਆ ਵੀ ਬਹੁਤ ਕਮਾਲ ਦੀ ਕਰਦੇ ਸਨ। ਸ਼ਬਦ ਦੀ ਕਥਾ ਅਤੇ ਸਾਖੀ ਸੁਨਾਉਣ ਦਾ ਢੰਗ ਬਹੁਤ ਹੀ ਕਮਾਲ ਦਾ ਸੀ। ਹਾਸ ਰਸ, ਵੈਰਾਗ ਰਸ, ਅਤੇ ਬੀਰ ਰਸ ਦੇ ਧਨੀ ਸਨ। ਵਿਆਖਿਆ ਵਿਚ ਆਪ ਜੀ ਸਰੋਤਿਆਂ ਨੂੰ ਬਹੁਤ ਹਸਾਉਂਦੇ ਸਨ ਅਤੇ ਜਦੋਂ ਬੀਰ ਰਸ ਸੁਣਾਉਂਦੇ ਸਨ, ਤਾਂ ਸੰਗਤਾਂ ਵਾਰ ਵਾਰ ਜੈਕਾਰੇ ਹੀ ਛੱਡਦੀਆਂ ਰਹਿੰਦੀਆਂ ਸਨ।

ਭਾਈ ਮਾਨ ਸਿੰਘ ਪੰਛੀ ਜੀ ਦੇ ਦਰਸ਼ਨ ਦਾਸ ਨੂੰ ਸਭ ਤੋਂ ਪਹਿਲੀ ਵਾਰ ਪਟਿਆਲੇ ਦੇ ਨੇੜੇ ਜੋ ਬਹਾਦਰਗੜ੍ਹ ਜ਼ਿਲ੍ਹਾ ਹੈ, ਉਸ ਦੇ ਕੋਲ ਇਕ ਪਿੰਡ ਹੈ, ਬੁੱਢਣਪੁਰ, ਉਥੇ ਹੋਏ ਸਨ, ਪਾਕਿਸਤਾਨ ਤੋਂ ਆਉਣ ਤੋਂ ਬਾਅਦ ਆਪ ਜੀ ਪਿੰਡ ਬੁੱਢਣਪੁਰ ਵਿਚ ਹੀ ਆ ਕੇ ਨਿਵਾਸ ਕੀਤਾ ਸੀ।

ਦੂਜੀ ਵਾਰ ਆਪ ਜੀ ਜਦੋਂ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਕੀਰਤਨ ਦੀ ਸੇਵਾ ਕਰਦੇ ਸਨ, ਉਸ ਸਮੇਂ ਆਪ ਜੀ ਦੇ ਦਰਸ਼ਨ ਹੋਏ। ਉਸ ਸਮੇਂ ਦਾਸ ਆਪਣੇ ਪਿਤਾ ਜੀ ਨਾਲ, ਗੁਰਦੁਆਰਾ ਗੋਬਿੰਦ ਪੁਰਾ ਅੰਬਾਲਾ ਸ਼ਹਿਰ ਵਿਖੇ ਤਬਲਾ ਵਜਾਉਣ ਦੀ ਸੇਵਾ ਕਰਦਾ ਸੀ। ਇਕ ਦਿਨ ਦਾਸ ਗੁਰਦੁਆਰਾ ਮੰਜੀ ਸਾਹਿਬ ਵਿਖੇ ਕੁਦਰਤੀ ਦਰਸ਼ਨ ਕਰਨ ਚਲਾ ਗਿਆ ਤੇ ਅੱਗੇ ਭਾਈ ਮਾਨ ਸਿੰਘ ਪੰਛੀ ਜੀ ਕੀਰਤਨ ਕਰ ਰਹੇ ਸਨ, ਉਸ ਸਮੇਂ ਆਪ ਜੀ ਜਵਾਨ ਸਨ ਅਤੇ ਸਾਥੀ ਵੀ ਚੰਗੇ ਜਵਾਨ ਸਨ। ਆਪ ਜੀ ਉੱਚੀ ਆਵਾਜ਼ ਵਿਚ ਕੀਰਤਨ ਗਾਇਨ ਕਰ ਰਹੇ ਸਨ। ਸ਼ਬਦ ਪੜ੍ਹ ਰਹੇ ਸਨ (ਜਾ ਤੂੰ ਮੇਰੇ ਵਲ ਹੈ ਤਾਂ ਕਿਆ ਮੁਹਛੰਦਾ) ਰਾਗ ਭੈਰਵੀ ਵਿਚ ਗਾ ਰਹੇ ਸਨ ਤਾਂ ਪਾਠਕ ਸੱਜਣੋਂ ਸੱਚ ਜਾਣੋ, ਇਸ ਸ਼ਬਦਾ ਦਾ ਮੈਨੂੰ ਇਤਨਾ ਆਨੰਦ ਆਇਆ ਕਿ ਮੈਂ ਦੱਸ ਨਹੀਂ ਸਕਦਾ। ਮਾਨੋਂ ਗੂੰਗੇ ਦੀ ਮਠਿਆਈ ਵਾਲੀ ਅਵਸਥਾ ਹੋ ਗਈ ਸੀ। ਮੈਂ ਉਸੇ ਸਮੇਂ ਹੀ ਇਹ ਮਨ ਵਿਚ ਧਾਰ ਲਿਆ ਸੀ ਕਿ ਜੇ ਕਦੇ ਸਮਾਂ ਮਿਲਿਆ ਤਾਂ ਦਾਸ ਇਹਨਾਂ ਦੀ ਸੰਗਤ ਜ਼ਰੂਰ ਕਰੇਗਾ ਅਤੇ ਕੀਰਤਨ ਸਿੱਖੇਗਾ।

ਇਹ ਚਾਹ ਮੇਰੀ ਪੂਰੀ ਹੋਈ ਸੰਨ 1958 ਵਿਚ ਜਦੋਂ ਆਪ ਜੀ ਗੁਰਦੁਆਰਾ ਸਿੰਘ ਸਭਾ ਮੁਜ਼ਫਰ ਨਗਰ ਯੂ. ਪੀ. ਵਿਖੇ ਕੀਰਤਨ ਦੀ ਸੇਵਾ ਤੇ ਲੱਗੇ ਸਨ, ਉਦੋਂ ਪੂਰਨ ਤੌਰ 'ਤੇ ਆਪ ਜੀ ਨਾਲ ਮੇਰਾ ਸੰਪਰਕ ਹੋਇਆ। ਉਸ ਸਮੇਂ ਆਪ ਜੀ ਖੁਦ ਰਾਜਪੁਰੇ ਆ ਕੇ ਮੇਰੇ ਪਿਤਾ ਜੀ ਤੋਂ ਮੈਨੂੰ ਮੰਗ ਕੇ ਤਬਲੇ ਤੇ ਸੰਗਤ ਕਰਨ ਲਈ ਲੈ ਗਏ ਸਨ। ਵੈਸੇ ਵੀ ਆਪ ਜੀ ਰਿਸ਼ਤੇ ਵਿਚ ਮੇਰੇ ਮਾਮਾ ਜੀ ਲਗਦੇ ਸਨ, ਕਿਉਂ ਕਿ ਪਾਕਿਸਤਾਨ ਤੋਂ ਇਹ ਮੇਰੀ ਮਾਤਾ

ਜੀ ਦੇ ਨਾਨਕੇ ਪਿੰਡ ਤੋਂ ਸਨ ਜੋ ਪਿੰਡ ਗੋਬਿੰਦਪੁਰਾ ਜ਼ਿਲ੍ਹਾ ਗੁਜਰਾਤ ਵਿਚ ਸੀ।

ਦੇਸ਼ ਵੰਡ ਤੋਂ ਪਹਿਲੇ ਪਾਕਿਸਤਾਨ ਦੇ ਇਲਾਕੇ ਜ਼ਿਲ੍ਹਾ ਸਿਆਲਕੋਟ ਵਿਚ ਦਰਿਆ ਚਨਾਬ ਦੇ ਕਿਨਾਰੇ ਇਕ ਪਿੰਡ ਸੀ, ਜਿਸ ਦਾ ਨਾਮ ਸੀ (ਧੁੱਪ ਸੜੀ) ਇਸ ਪਿੰਡ ਵਿਚ ਰਹਿੰਦੇ ਸਨ, ਸ. ਚੰਦਾ ਸਿੰਘ, ਇਹ ਭਾਈ ਮਾਨ ਸਿੰਘ ਪੰਛੀ ਜੀ ਦੇ ਦਾਦਾ ਜੀ ਸਨ ਅਤੇ ਬਾਅਦ ਵਿਚ ਸ: ਚੰਦਾ ਸਿੰਘ ਦੇ ਨਾਮ ਤੇ ਹੀ ਪਿੰਡ ਦਾ ਨਾਮ ਪੈ ਗਿਆ ਜੋ ਕਿ (ਧੁੜ ਸੜੀ) ਤੋਂ ਬਦਲ ਕੇ ਨਾਮ ਰੱਖ ਦਿੱਤਾ (ਬੁਰਜੀ ਚੰਦਾ ਸਿੰਘ) ਅਤੇ ਸ: ਚੰਦਾ ਸਿੰਘ ਦੇ ਪੁੱਤਰ ਸਨ, ਸ: ਨੌਰੰਗ ਸਿੰਘ। ਸ: ਨੌਰੰਗ ਸਿੰਘ ਦੇ ਘਰ ਮਾਤਾ ਠਾਕੁਰ ਕੌਰ ਜੀ ਦੀ ਕੁੱਖੋ ਭਾਈ ਮਾਨ ਸਿੰਘ ਪੰਛੀ ਜੀ ਦਾ ਜਨਮ ਹੋਇਆ।

ਜਦੋਂ ਅੰਗਰੇਜ਼ਾਂ ਦਾ ਰਾਜ ਹੋ ਗਿਆ, ਉਸ ਸਮੇਂ ਤਕ ਇਹਨਾਂ ਦਾ ਪਿੰਡ ਦਰਿਆ ਚਨਾਬ ਦੇ ਕਿਨਾਰੇ ਕਰ ਕੇ ਹਰ ਸਾਲ ਦਰਿਆ ਚੜ੍ਹ ਜਾਂਦਾ ਸੀ। ਇਹਨਾਂ ਦੇ ਪਿੰਡ ਦਾ ਬਹੁਤ ਨੁਕਸਾਨ ਹੁੰਦਾ ਸੀ, ਇਸ ਪਿੰਡ ਦੇ ਵਸਨੀਕਾਂ ਨੇ ਅੰਗਰੇਜ਼ੀ ਸਰਕਾਰ ਕੋਲ ਫਰਿਆਦ ਕੀਤੀ ਤਾਂ ਅੰਗਰੇਜ਼ ਸਰਕਾਰ ਨੇ ਜ਼ਿਲ੍ਹਾ ਗੁਜਰਾਤ ਵਿਚ ਤਸੀਲ ਫਾਲੀਆ ਵਿਚ ਇਹਨਾਂ ਨੂੰ ਪਿੰਡ ਵਸਾਉਣ ਲਈ ਜ਼ਮੀਨ ਅਲਾਟ ਕਰ ਦਿੱਤੀ। ਉਸ ਥਾਂ 'ਤੇ ਇਥੋਂ ਦੇ ਵਸਨੀਕਾਂ, ਪਿੰਡ ਗੋਬਿੰਦਪੁਰਾ ਵਸਾਇਆ। ਪਿੰਡ ਗੋਬਿੰਦਪੁਰਾ ਆਬਾਦ ਕੀਤਾ ਤਾਂ ਉਸ ਸਮੇਂ ਇਹ ਸਭ ਪਰਿਵਾਰ ਪਿੰਡ ਗੋਬਿੰਦਪੁਰਾ ਵਿਖੇ ਆ ਕੇ ਵਸ ਗਏ। ਸ: ਨੌਰੰਗ ਸਿੰਘ ਵੀ ਪਰਿਵਾਰ ਸਮੇਤ ਆ ਕੇ ਪਿੰਡ ਗੋਬਿੰਦਪੁਰਾ ਵਿਖੇ ਹੀ ਵਸ ਗਏ। ਭਾਈ ਮਾਨ ਸਿੰਘ ਏਥੇ ਪਿੰਡ ਵਿਚ ਹੀ ਆ ਕੇ ਜਵਾਨ ਹੋਏ ਤੇ ਹੋਸ਼ ਸੰਭਾਲੀ।

ਭਾਈ ਮਾਨ ਸਿੰਘ ਜੀ ਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਲਗ ਗਿਆ ਸੀ। ਜਿੱਧਰ ਵੀ ਜਾਣਾ ਜਾਂ ਬਹਿਣਾ, ਗਲੀਆਂ ਵਿਚ ਵਿਚ ਹੀ ਕੁਝ ਨਾ ਕੁਝ ਗਾਉਂਦੇ ਹੀ ਰਹਿਣਾ ਜਾਂ ਹੀਰ ਗਾਉਣ ਲੱਗ ਪੈਣਾ, ਮਿਰਜ਼ਾ ਸਾਹਿਬਾਂ ਗਾਉਣਾ। ਆਪ ਜੀ ਦੇ ਦੋਸਤਾਂ ਮਿੱਤਰਾਂ ਨੇ ਇਹ ਵੇਖ ਕੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਯਾਰ ਤੂੰ ਤਾਂ ਹਰ ਵੇਲੇ ਪੰਛੀਆਂ ਵਾਂਗ ਬੋਲਦਾ ਹੀ ਰਹਿੰਦਾ ਹੈ। ਅਸੀਂ ਹੁਣ ਤੈਨੂੰ ਪੰਛੀ ਕਹਿ ਕੇ ਹੀ ਬੁਲਾਇਆ ਕਰਾਂਗੇ। ਇਹਨਾਂ ਦਾ ਨਾਮ ਜਵਾਨੀ ਵਿਚ ਹੀ ਪੰਛੀ ਪੈ ਗਿਆ ਸੀ। ਆਪ ਜੀ ਨੇ ਆਪਣੇ ਨਾਮ ਨੂੰ ਪੂਰੀ ਤਰ੍ਹਾਂ ਸਕਾਰਥ ਕੀਤਾ। ਐਸੀ ਵਧੀਆ ਗਾਇਕੀ ਗਾਈ, ਜਿਸ ਤੋਂ ਹਰ ਮਨੁੱਖ ਪ੍ਰਭਾਵਤ ਹੋ ਜਾਂਦਾ ਸੀ। ਗਾਇਕੀ ਵਿਚ ਬੜੀਆਂ ਬੜੀਆਂ ਉਡਾਰੀਆਂ ਮਾਰੀਆਂ।

ਬਾਕੀ ਉਹਨਾਂ ਨੇ ਉਸਤਾਦ ਬਾਰੇ ਤਾਂ ਦਾਸ ਨੂੰ ਪੂਰੀ ਜਾਣਕਾਰੀ ਨਹੀਂ, ਪਰ ਜਿੱਥੋਂ ਵੀ ਸਿੱਖਿਆ ਬਹੁਤ ਵਧੀਆ ਸਿੱਖਿਆ।

ਹਿੰਦੁਸਤਾਨ ਦੀ ਵੰਡ ਤੋਂ ਬਾਅਦ, ਪਾਕਿਸਤਾਨ ਦੇ ਪਿੰਡ ਗੋਬਿੰਦਪੁਰਾ ਜ਼ਿਲ੍ਹਾ ਗੁਜਰਾਤ ਤੋਂ ਆ ਕੇ ਪਿੰਡ ਬੁੱਢਣਪੁਰ ਜੋ ਕਿ ਬਹਾਦਰਗੜ੍ਹ ਕਿਲ੍ਹਾ ਦੇ ਕੋਲ ਜ਼ਿਲ੍ਹਾ ਪਟਿਆਲਾ ਵਿਚ ਹੈ, ਉਥੇ ਵਸ ਗਏ ਅਤੇ ਇਹਨਾਂ ਦੇ ਰਿਸ਼ਤੇ ਵਿਚੋਂ ਹੀ ਇਕ ਭਾਈ ਧਿਆਨ ਸਿੰਘ ਹੁੰਦੇ ਸੀ, ਉਹ ਵੀ ਚੰਗਾ ਗਾਉਂਦੇ ਸਨ। ਇਹਨਾਂ ਨੂੰ ਜਿੱਥੇ ਵੀ ਕਿਤੇ ਪਿੰਡਾਂ ਦੇ ਗੁਰਦੁਆਰਿਆਂ ਵਿਚ ਸਮਾਂ ਮਿਲੇ ਦੋਵੇਂ 'ਕੱਠੇ ਹੀ ਸ਼ਬਦ ਗਾ ਕੇ ਪੜ੍ਹਦੇ ਹੁੰਦੇ ਸਨ। ਪਿੰਡ ਵਾਲੇ ਕਹਿਣ ਲੱਗ ਪਏ ਬਈ ਭਾਈ ਮਾਨ ਸਿੰਘ ਧਿਆਨ ਸਿੰਘ ਬੜਾ ਵਧੀਆ ਗਾਉਂਦੇ ਹਨ। ਇਕ ਦਿਨ ਇਹ ਦੋਨੋਂ ਦੋਸਤ ਪਟਿਆਲੇ ਚਲੇ ਗਏ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਜੀ ਦੇ ਦਰਸ਼ਨ ਕਰਨ, ਉਸ ਸਮੇਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਮਹਾਰਾਜਾ ਪਟਿਆਲਾ ਦੇ ਪ੍ਰਬੰਧ ਹੇਠ ਹੁੰਦਾ ਸੀ। ਹਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਨਹੀਂ ਸੀ ਆਇਆ। ਇਹਨਾਂ ਨੇ ਗੁਰਦੁਆਰੇ ਦੇ ਪ੍ਰਬੰਧਕਾਂ ਪਾਸੋਂ ਸ਼ਬਦ ਪੜ੍ਹਨ ਦਾ ਸਮਾਂ ਮੰਗਿਆ ਤਾਂ ਉਹਨਾਂ ਨੇ ਸਮਾਂ ਦੇ ਦਿੱਤਾ। ਉਹਨਾਂ ਦੋਨਾਂ ਨੇ ਹੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੋ ਸ਼ਬਦ ਪੜ੍ਹੇ, ਤਬਲੇ ਵਾਲਾ ਗੁਰਦੁਆਰੇ ਵਾਲਿਆਂ ਹੀ ਨਾਲ ਬਿਠਾ ਦਿੱਤਾ ਅਤੇ ਇਹਨਾਂ ਦਾ ਕੀਰਤਨ ਸੁਣ ਕੇ ਪ੍ਰਬੰਧਕ ਬੜੇ ਪ੍ਰਸੰਨ ਹੋਏ। ਪ੍ਰਬੰਧਕ ਕਮੇਟੀ ਨੇ

ਇਹਨਾਂ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪੱਕੀ ਕੀਰਤਨ ਦੀ ਸੇਵਾ ਦੇ ਦਿੱਤੀ ਤੇ ਆਪ ਜੀ ਦੇ ਜੀਵਨ ਦੀ ਪਹਿਲੀ ਸਟੇਜ ਕੀਰਤਨ ਦੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਸੀ। ਇਸ ਅਸਥਾਨ ਤੇ ਆਪ ਜੀ ਚਾਰ ਕੁ ਸਾਲ ਦੇ ਕਰੀਬ ਸੇਵਾ ਕਰਦੇ ਰਹੇ ਅਤੇ ਆਪ ਜੀ ਦੇ ਜੱਥੇ ਦਾ ਨਾਮ ਜ਼ਿਲ੍ਹਾ ਪਟਿਆਲਾ ਵਿਚ ਭਾਈ ਮਾਨ ਸਿੰਘ ਧਿਆਨ ਸਿੰਘ ਦੇ ਨਾਮ ਤੇ ਬਹੁਤ ਮਸ਼ਹੂਰ ਹੋ ਗਿਆ। ਇਤਨੇ ਸਮੇਂ ਵਿਚ ਇਹਨਾਂ ਦੀ ਪਾਕਿਸਤਾਨ ਵਾਲੀ ਜ਼ਮੀਨ ਦੀ ਪੱਕੀ ਅਲਾਟਮੈਂਟ ਪਿੰਡ ਬਪਰੌਰ, ਤਸੀਲ ਰਾਜਪੁਰ, ਜ਼ਿਲ੍ਹਾ ਪਟਿਆਲਾ ਵਿਚ ਹੋ ਗਈ। ਆਪ ਜੀ ਪਿੰਡ ਬੁੱਢਣ ਛੱਡ ਕੇ ਪਿੰਡ ਬਪਰੌਰ ਵਿਚ ਆ ਕੇ ਵਸ ਗਏ। ਇਹਨਾਂ ਨੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਤੋਂ ਪਿੰਡ ਦੂਰ ਹੋਣ ਕਾਰਨ ਡਿਊਟੀ ਛੱਡ ਦਿੱਤੀ। ਇਕ ਦਿਨ ਇਹ ਜੱਥਾ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਚਲਾ ਗਿਆ। ਉਥੇ ਪ੍ਰਬੰਧਕਾਂ ਤੋਂ ਸਮਾਂ ਲੰਗ ਕੇ ਇਹਨਾਂ ਨੇ ਕੀਰਤਨ ਦੀ ਹਾਜ਼ਰੀ ਭਰੀ ਤੇ ਪ੍ਰਬੰਧਕਾਂ ਨੂੰ ਵੀ ਰਾਗੀ ਜੱਥੇ ਦੀ ਲੋੜ ਸੀ। ਪ੍ਰਬੰਧਕ ਸੱਜਣਾਂ ਨੂੰ ਕੀਰਤਨ ਪਸੰਦ ਆ ਗਿਆ ਤੇ ਉਹਨਾਂ ਪੱਕੀ ਸੇਵਾ ਤੇ ਇਹਨਾਂ ਨੂੰ ਰੱਖ ਲਿਆ। ਦੂਜੀ ਸਟੇਜ ਆਪ ਜੀ ਨੂੰ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਦੀ ਮਿਲੀ। ਇਸ ਜਗ੍ਹਾਹ ਤੇ ਆਪ ਜੀ ਦੇ ਨਾਲ ਸਹਾਇਕ ਰਾਗੀ ਭਾਈ ਧਿਆਨ ਸਿੰਘ ਜੀ ਹੀ ਸਨ ਅਤੇ ਇਹਨਾਂ ਦੀ ਪਿੰਡ ਵੀ ਬਪਰੌਰ ਹੀ ਸੀ ਜੋ ਕਿ ਇਹ ਪਿੰਡ ਅੰਬਾਲਾ ਸ਼ਹਿਰ ਤੋਂ ਤਕਰੀਬਨ ਪੰਜ ਕਿਲੋ ਮੀਟਰ ਦੇ ਕਰੀਬ ਪੈਂਦਾ ਹੈ। ਤਬਲੇ ਤੇ ਇਹਨਾਂ ਦੇ ਨਾਲ ਮਾਸਟਰ ਦੀਵਾਨ ਸਿੰਘ ਜੀ ਹੁੰਦੇ ਸਨ ਜੋ ਕਿ ਪਿੰਡ ਸਲੇਮਪੁਰ ਸ਼ੇਖਾਂ ਦੇ ਰਹਿਣ ਵਾਲੇ ਸਨ (ਦਾਸ ਦਾ ਵੀ ਇਹੀ ਪਿੰਡ ਸੀ) ਇਹ ਵੀ ਉਥੇ ਦੇ ਹੀ ਸਨ ਅਤੇ ਬਾਅਦ ਵਿਚ ਭਾਈ ਧਿਆਨ ਸਿੰਘ ਜੀ, ਪੰਛੀ ਸਾਹਿਬ ਨਾਲੋਂ ਨੌਕਰੀ ਛੱਡ ਗਏ ਸਨ। ਉਹ ਪਟਿਆਲਾ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਭਾਈ ਪਿਆਰਾ ਸਿੰਘ ਜੀ ਨਾਲ ਜਾ ਕੇ ਸਹਾਇਕ ਰਾਗੀ ਲੱਗ ਗਏ ਸਨ। ਭਾਈ ਮਾਨ ਸਿੰਘ ਪੰਛੀ ਜੀ ਦੇ ਨਾਲ ਭਾਈ ਉੱਤਮ ਸਿੰਘ ਪਤੰਗ ਜੀ ਸਹਾਇਕ ਰਾਗੀ ਵਜੋਂ ਆ ਗਏ ਅਤੇ ਇਹਨਾਂ ਨੇ ਕੁਝ ਸਮਾਂ ਪੰਛੀ ਜੀ ਨਾਲ ਵਾਜੇ ਤੇ ਸੰਗਤ ਕੀਤੀ। ਇਹੀ ਦਿਨ ਸਨ ਸੰਨ 1955 ਦੇ ਜਦੋਂ ਦਾਸ ਨੇ ਅੰਬਾਲਾ ਸ਼ਹਿਰ ਮੰਜੀ ਸਾਹਿਬ ਵਿਖੇ ਇਹਨਾਂ ਤੋਂ ਇਹ ਸ਼ਬਦ (ਜਾ ਤੂ ਮੇਰੇ ਵਲ ਹੈ) ਸੁਣਿਆ ਸੀ।। ਸੋ ਕੁਝ ਸਮਾਂ ਭਾਈ ਉੱਤਮ ਸਿੰਘ ਪਤੰਗ ਜੀ ਨੇ ਪੰਛੀ ਜੀ ਨਾਲ ਸਹਾਇਕ ਦੇ ਤੌਰ ’ਤੇ ਸੰਗਤ ਕੀਤੀ। ਦੋ ਕੁ ਸਾਲ ਇਹ ਜੱਥਾ ਗੁਰਦੁਆਰਾ ਸਾਹਿਬ ਸੇਵਾ ਕਰਦੇ ਰਹੇ। ਉਸ ਤੋਂ ਬਾਅਦ ਭਾਈ ਮਾਨ ਸਿੰਘ ਪੰਛੀ ਜੀ ਨੇ ਗੁਰਦੁਆਰਾ ਮੰਜੀ ਸਾਹਿਬ ਤੋਂ ਸੇਵਾ ਛੱਡ ਦਿੱਤੀ ਅਤੇ ਭਾਈ ਉੱਤਮ ਸਿੰਘ ਪਤੰਗ ਜੀ ਇਹਨਾਂ ਦੀ ਥਾਂ ਹੈੱਡ ਗ੍ਰੰਥੀ ਬਣ ਗਏ। ਭਾਈ ਮਾਨ ਸਿੰਘ ਪੰਛੀ ਜੀ ਕੁਝ ਦਿਨਾਂ ਬਾਅਦ ਗੁਰਦੁਆਰਾ ਮਸਤਾਨ ਸ਼ਾਹਬਾਦ ਮਾਰਕੰਡਾ ਵਿਖੇ ਜਾ ਕੇ ਕੀਰਤਨ ਦੀ ਸੇਵਾ ਤੇ ਲੱਗ ਗਏ। ਆਪ ਜੀ ਸੰਨ 1958 ਵਿਚ ਸ਼ਾਹਬਾਦ ਮਾਰਕੰਡਾ ਤੋਂ ਸੇਵਾ ਛੱਡ ਦਿੱਤੀ। ਉਸ ਤੋਂ ਬਾਅਦ ਆਪ ਜੀ ਗੁਰਦੁਆਰਾ ਸਿੰਘ ਸਭਾ ਮੁਜਫਰਨਗਰ ਯੂ. ਪੀ. ਵਿਖੇ ਜਾ ਕੇ ਨੌਕਰੀ ਕੀਰਤਨ ਦੀ ਸੇਵਾ ਲੈ ਲਈ। ਸੰਨ 1958 ਵਿਚ ਆਪ ਜੀ ਨੇ ਮੇਰੇ ਦਿਲ ਦੀ ਹਸਰਤ ਪੂਰੀ ਕਰ ਦਿੱਤੀ ਜਦੋਂ ਆਪ ਜੀ ਮੈਨੂੰ ਲੈਣ ਲਈ ਖੁਦ ਆਪ ਰਾਜਪੁਰੇ ਆ ਗਏ। ਏਥੇ ਹੀ ਆਪ ਨਾਲ ਮੇਰਾ ਸੰਪਰਕ ਹੋਇਆ। ਮੈਂ ਆਪ ਜੀ ਨਾਲ ਸਿੰਘ ਸਭਾ ਮੁਜ਼ਫਰਨਗਰ ਵਿਖੇ ਸਿਰਫ ਤਿੰਨ ਚਾਰ ਮਹੀਨੇ ਹੀ ਸਾਥ ਤਬਲੇ ਤੇ ਦੇ ਸਕਿਆ ਅਤੇ ਬੀਮਾਰ ਪੈ ਗਿਆ ਤੇ ਉਸ ਸਮੇਂ ਮੇਰੇ ਪਿਤਾ ਜੀ, ਗੁਰਦੁਆਰਾ ਕੋਟਲਾ ਮੇਰਠ ਸ਼ਹਿਰ ਵਿਚ ਸਨ ਤੇ ਮੈਂ ਮੁਜ਼ਫਰ ਨਗਰ ਤੋਂ ਛੱਡ ਕੇ ਆਪਣੇ ਪਿਤਾ ਜੀ ਪਾਸ ਮੇਰਠ ਚਲਾ ਗਿਅ। ਕੁਝ ਸਮੇਂ ਬਾਅਦ ਪੰਛੀ ਜੀ ਵੀ ਮੁਜ਼ਫਰਨਗਰ ਤੋਂ ਛੱਡ ਕੇ ਚਲੇ ਗਏ ਸਨ। ਉਹਨੀ ਦਿਨੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲਾਟੂਸ ਰੋਡ ਕਾਨਪੁਰ ਯੂ. ਪੀ. ਵਿਚ ਰਾਗੀ ਜੱਥੇ ਦੀ ਜ਼ਰੂਰਤ ਸੀ। ਆਪ ਜੀ ਨੂੰ ਪਤਾ ਲੱਗਾ ਤਾਂ ਆਪ ਜੀ ਕਾਨਪੁਰ ਯੂ.ਪੀ. ਵਿਖੇ ਚਲੇ ਗਏ। ਉਥੇ ਆਪ ਜੀ ਨੂੰ ਸੰਗਤ ਨੇ ਪੱਕੀ ਸੇਵਾ ਤੇ ਕੀਰਤਨ ਲਈ ਰੱਖ ਲਿਆ। ਉਥੇ ਆਪ ਜੀ ਨੇ ਫਿਰ ਦੁਬਾਰਾ ਧਿਆਨ ਸਿੰਘ ਬਪਰੌਰ ਵਾਲਿਆਂ ਨੂੰ ਬੁਲਾ ਕੇ ਆਪਣੇ ਨਾਲ ਸਹਾਇਕ ਰਾਗੀ ਦੀ ਸੇਵਾ ਤੇ ਰੱਖ ਲਿਆ। ਤਬਲੇ ਤੇ ਭਾਈ ਧਰਮ ਸਿੰਘ ਜੀ ਜੋ ਕਿ ਭਰਥਪੁਰ

ਰਾਜਸਥਾਨ ਦੇ ਰਹਿਣ ਵਾਲੇ ਸਨ। ਉਹਨਾਂ ਨੂੰ ਰੱਖ ਲਿਆ। ਇਸ ਤਰ੍ਹਾਂ ਆਪ ਜੀ ਕਾਨਪੁਰ ਸਿੰਘ ਸਭਾ ਵਿਖੇ ਕੀਰਤਨ ਦੀ ਸੇਵਾ ਕਰ ਰਹੇ ਸਨ। ਕੁਝ ਸਮੇਂ ਬਾਅਦ ਭਾਈ ਧਰਮ ਸਿੰਘ ਜੀ ਨੂੰ ਘਰੋਗੀ ਮਜਬੂਰੀ ਆ ਗਈ ਤੇ ਉਹਨਾਂ ਨੇ ਪੰਛੀ ਜੀ ਨੂੰ ਅਸਤੀਫਾ ਦੇ ਦਿੱਤਾ। ਪੰਛੀ ਜੀ ਨੂੰ ਫਿਰ ਤਬਲੇ ਵਾਲੇ ਦੀ ਲੋੜ ਪੈ ਗਈ ਤਾਂ ਉਹਨਾਂ ਨੇ ਫਿਰ ਮੈਨੂੰ ਦੁਬਾਰਾ ਯਾਦ ਕੀਤਾ ਤੇ ਮੈਨੂੰ ਚਿੱਠੀ ਪਾਈ ਕਿ ਤੁਸੀਂ ਕਾਨਪੁਰ ਆ ਜਾਉ। ਮੇਰੇ ਨਾਲ ਤਬਲੇ ਦੀ ਸੇਵਾ ਤੇ। ਮੇਰਾ ਮਨ ਬੜਾ ਖੁਸ਼ ਹੋਇਆ ਕਿ ਪੰਛੀ ਜੀ ਦਾ ਸਾਥ ਕਰਨ ਦਾ ਫਿਰ ਮੌਕਾ ਮਿਲ ਗਿਆ। ਮੈਂ ਕਾਨਪੁਰ ਅਗਸਤ 1959 ਵਿਚ ਪਹੁੰਚ ਗਿਆ, ਆਪਣਾ ਤਬਲਾ ਲੈ ਕੇ। ਹੋਇਆ ਇਹ ਕਿ ਭਾਈ ਧਰਮ ਸਿੰਘ ਜੀ ਨੇ ਆਪਣਾ ਅਸਤੀਫਾ ਵਾਪਸ ਲੈ ਲਿਆ ਕਿ ਮੈਂ ਨਹੀਂ ਜਾਣਾ। ਇਥੇ ਹੀ ਰਹਿਣਾ ਹੈ। ਮੈਂ ਪੰਛੀ ਜੀ ਨੂੰ ਕਿਹਾ ਕਿ ਮੈਂ ਹੁਣ ਕੀ ਕਰਾਂ, ਮੈਂ ਤਾਂ ਇਤਨਾ ਕਿਰਾਇਆ ਖਰਚ ਕੇ ਮੇਰਠ ਤੋਂ ਕਾਨਪੁਰ ਪੁਜਾ ਹਾਂ। ਪੰਛੀ ਜੀ ਮੈਨੂੰ ਕਹਿਣ ਲੱਗੇ ਕੋਈ ਨਹੀਂ ਤੂੰ ਦੋ ਚਾਰ ਦਿਨ ਰਹਿ ਸਾਡੇ ਕੋਲ, ਇਤਨੀ ਦੂਰੋਂ ਆਇਆ ਹੈਂ, ਜੇ ਭੇਜਣਾ ਵੀ ਪਿਆ ਤਾਂ ਮੈਨੂੰ ਕਿਰਾਇਆ ਦੇ ਦੇਵਾਂਗਾ। ਮੈਂ ਕਿਹਾ ਠੀਕ ਹੈ, ਜਿਵੇਂ ਤੁਸੀਂ ਠੀਕ ਸਮਝੋ। ਮੈਂ ਰਹਿ ਪਿਆ। ਹੋਇਆ ਇਹ ਕਿ ਕੁਝ ਦਿਨਾਂ ਬਾਅਦ ਭਾਈ ਧਿਆਨ ਸਿੰਘ ਜੀ ਦਾ ਕਿਸੇ ਗਲ ਤੋਂ ਪੰਛੀ ਜੀ ਨਾਲ ਝਗੜਾ ਹੋ ਗਿਆ ਤੇ ਉਹਨਾਂ ਨੇ ਪੰਛੀ ਜੀ ਨੂੰ ਸੇਵਾ ਤੋਂ ਜਵਾਬ ਦੇ ਦਿੱਤਾ। ਉਹ ਕਾਨਪੁਰ ਤੋਂ ਨੌਕਰੀ ਛੱਡ ਕੇ ਵਾਪਸ ਆਪਣੇ ਪਿੰਡ ਬਪਰੌਰ ਆ ਗਏ। ਹੁਣ ਪੰਛੀ ਜੀ ਨੂੰ ਸਹਾਇਕ ਰਾਗੀ ਦੀ ਲੋੜ ਪੈ ਗਈ। ਉਹ ਮੈਨੂੰ ਕਹਿਣ ਲੱਗੇ ਕਿ ਤੂੰ ਹੁਣ ਵਾਜੇ ਤੇ ਲਗ ਜਾ ਤੇ ਮੇਰਾ ਸਹਾਇਕ ਰਾਗੀ ਬਣ ਜਾ। ਮੈਂ ਕਿਹਾ ਕਿ ਮੈਨੂੰ ਤਾਂ ਵਾਜਾ ਵਜਾਉਣਾ ਆਉਂਦਾ ਹੀ ਨਹੀਂ। ਪੰਛਜੀ ਜੀ ਕਹਿਣ ਲੱਗੇ ਕਿ ਤੂੰ ਤਬਲੇ ਤੇ ਬੈਠਾ ਵੀ ਪੂਰਾ ਬੋਲ ਲੈਂਦਾ ਹੈ। ਇਸ ਲਈ ਤੇਰੇ ਵਾਸਤੇ ਕੋਈ ਔਖਾ ਕੰਮ ਨਹੀਂ। ਤੂੰ ਵਾਜੇ ਤੇ ਕੰਮ ਕਰ ਲਵੇਂਗਾ। ਵਾਜਾ ਤੈਨੂੰ ਆਪੇ ਹੀ ਵਜਾਉਣਾ ਆ ਜਾਏਗਾ। ਤਾਂ ਮੈਂ ਉਹਨਾਂ ਦੀ ਗੱਲ ਮੰਨ ਕੇ ਉਹਨਾਂ ਨਾਲ ਸਹਾਇਕ ਰਾਗੀ ਲੱਗ ਗਿਆ। ਸੋ ਮੈਨੂੰ ਤਬਲੇ ਤੋਂ ਵਾਜੇ ਤੇ ਲਿਆਉਣ ਵਾਲੇ ਭਾਈ ਮਾਨ ਸਿੰਘ ਜੀ ਹੀ ਸਨ। ਜਿਹਨਾਂ ਨੇ ਮੇਰੇ ਜੀਵਨ ਦੀ ਤਰੱਕੀ ਕਰਵਾਈ। ਕਾਨਪੁਰ ਰਹਿ ਕੇ ਮੈਂ ਪੰਛੀ ਜੀ ਨਾਲ ਸੰਗੀਤ ਦੀ ਬਹੁਤ ਤਰੱਕੀ ਕੀਤੀ। ਸੰਗੀਤ ਦੇ ਵੱਡੇ ਵੱਡੇ ਉਸਤਾਦਾਂ ਨੂੰ ਸਾਹਮਣੇ ਬੈਠ ਕੇ ਸੁਣਾਇਆ। ਇਹਨਾਂ ਵਿਚ ਖਾਂ ਸਾਹਿਬ ਅਮੀਰ ਖਾਂ ਸਾਹਿਬ। ਸ੍ਰੀ ਵਿਨਾਇਕ ਰਾਏ ਪਟਵਰਧਨ, ਸ੍ਰੀ ਭੀਮ ਸੈਨ ਜੋਸ਼ੀ, ਪੰਡਿਤ ਜਸਰਾਜ, ਕੁਮਾਰ ਗੰਧਰਵ, ਪ੍ਰਵੀਨ ਸੁਲਤਾਨਾ, ਸ੍ਰੀ ਰਵੀ ਸ਼ੰਕਰ ਸਿਤਾਰ ਵਾਦਕ, ਤਬਲਾ ਹਬੀਬੁਦੀਨ ਖਾਂ ਮੇਰਠ ਵਾਲੇ, ਗੁਦਾਈ ਮਹਾਰਾਜ ਤਬਲਾ, ਕ੍ਰਿਸ਼ਨ ਮਹਾਰਾਜ ਤਬਲਾ, ਸ੍ਰੀ ਅੱਲਾ ਰੱਖਾ ਤਬਲਾ, ਇਹਨਾਂ ਤੋਂ ਇਲਾਵਾ ਫਿਲਮੀ ਗਾਇਕ ਮੁਹੰਮਦ ਰਫੀ ਸਾਹਿਬ, ਮੁਕੇਸ਼ ਜੀ, ਲਤਾ ਮੰਗੇਸ਼ਕਰ ਜੀ, ਮੰਨਾ ਡੇ, ਹੇਮੰਤ ਕੁਮਾਰ, ਇਹ ਸਭ ਕਲਾਕਾਰਾਂ ਨੂੰ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ।ਭਾਈ ਮਾਨ ਸਿੰਘ ਪੰਛੀ ਜੀ ਨਾਲ ਰਹਿ ਕੇ ਮੈਨੂੰ ਆਪ ਨੂੰ ਵੀ ਕੀਰਤਨ ਕਰਨਾ ਆ ਗਿਆ। ਦਾਸ ਨੇ ਪੰਛੀ ਜੀ ਦੇ ਨਾਲ ਕਈ ਥਾਵਾਂ ’ਤੇ ਸਹਾਇਕ ਵਜੋਂ ਸੰਗਤ ਕੀਤੀ ਜਿਵੇਂ ਕਿ ਸਿੰਘ ਸਭਾ ਮੁਜ਼ਫਰ ਨਗਰ, ਯੂ. ਪੀ. ਤਬਲੇ ’ਤੇ, ਉਹਨਾਂ ਨਾਲ ਕਈ ਸ਼ਹਿਰ ਘੁੰਮੇ ਅਤੇ ਦੇਖੇ ਤੇ ਡੀਊਟੀ ਵੀ ਕੀਤੀ। ਜਿਵੇਂ ਕਿ ਉਨਉ, ਯੂ. ਪੀ., ਸਰੇਲੀ, ਰਾਏ ਬਰੇਲੀ, ਪ੍ਰਤਾਪਗੜ੍ਹ, ਗੋਰਖਪੁਰ, ਨੇਤਨਵਾਂ, ਬੂਟਵਲ ਨਿਪਾਲ, ਪਹਿਰਵਾ ਨਿਵਾਲ, ਲਖਨਊ ਯੂ. ਪੀ. ਪੀਲੀਭੀਤ ਯੂ. ਪੀ. ਨਾਨਕ ਮਤਾ ਸਾਹਿਬ ਉਤਰਾਂਚਲ, ਨੈਨੀ ਤਾਲ, ਉਤਰਾਂਲੀ, ਟੀਕਾਗੜ੍ਹ, ਯੂ.ਪੀ. ਝਾਸੀ ਯੂ.ਪੀ., ਟਾਟਾ ਨਗਰ, ਝਾਰਖੰਡ, ਹਜਾਰੀ ਬਾਗ ਝਾਰਖੰਡ, ਕਲਕੱਤਾ ਪਹਿਲੀ ਵਾਰ ਪੰਛੀ ਜੀ ਦੇ ਨਾਲ ਵੇਖਿਆ। ਚਾਂਦੀਪੁਰ, ਉੜੀਸਾ, ਰਾਂਚੀ, ਡਾਲਟਨ ਗੰਜ, ਜੈਪੁਰ ਰਾਜਸਥਾਨ, ਜਬਲਪੁਰ, ਅਨਾਹਾਬਾ ਯੂ.ਪੀ., ਬਸਤੀ ਯੂ.ਪੀ., ਗੌਂਡਾ ਯੂ.ਪੀ. ਖੜਪੁਰ ਬੰਗਾਲ। ਸੋ ਮਾਨ ਸਿੰਘ ਪੰਛੀ ਜੀ ਨੇ ਕਾਨਪੁਰ ਸਿੰਘ ਸਭਾ ਵਿਚ ਸੰਨ 1958 ਤੋਂ ਲੈ ਕੇ ਸੰਨ 1965 ਤੱਕ ਤਕਰੀਬਨ 7 ਸਾਲ ਕੀਰਤਨ ਦੀ ਸੇਵਾ ਨਿਭਾਈ ਅਤੇ ਕੀਰਤਨੀ ਵਿਚ ਦੋ ਤਿੰਨ ਅਹਿਮ ਕੰਮ ਕੀਤੇ ਜੋ ਕਿ ਸਦਾ ਲਈ ਕਾਪੁਰ ਵਿਚ ਉਹਨਾਂ ਦੀ ਯਾਦਗਾਰ ਰਹੇਗੀ। ਪਹਿਲਾ ਅਹਿਮ ਕੰਮ ਉਹਨਾਂ ਨੇ ਕੀਤਾ ਕਿ ਗੁਰਪੁਰਬਾਂ ਤੋਂ ਪਹਿਲਾਂ ਅੰਮ੍ਰਿਤ ਵੇਲੇ

ਪ੍ਰਭਾਤ ਫੇਰੀ ਕੱਢ ਕੇ ਨਗਰ ਕੀਰਤਨ ਸ਼ੁਰੂ ਕੀਤਾ ਜੋ ਕਿ ਕਾਨਪੁਰ ਵਿਚ ਪਹਿਲੇ ਨਹੀਂ ਸੀ। ਦੂਜਾ ਅਹਿਮ ਕੰਮ ਉਹਨਾਂ ਨੇ ਇਹ ਕੀਤਾ ਕਿ ਗੁਰਦੁਆਰਾ ਸਿੰਘ ਸਭਾ ਲਾਟੂਸ ਰੋਡ ਵਿਖੇ, ਸਤਿਗੁਰੂ ਜੀ ਦੇ ਪ੍ਰਕਾਸ਼ ਅਸਥਾਨ ਤੇ ਪਹਿਲੇ ਪਾਲਕੀ ਨਹੀਂ ਸੀ, ਸੋ ਸਿੰਘ ਸਭਾ ਵਿਖੇ ਆਪ ਜੀ ਨੇ ਸੰਗਤ ਦੇ ਸਹਿਯੋਗ ਨਾਲ ਖ਼ੂਬਸੂਰਤ ਪਾਲਕੀ ਸਾਗਵਾਨ ਦੀ ਲੱਕੜ ਵੀ ਬਣਵਾਈ, ਜੋ ਅੱਜ ਵੀ ਸਿੰਘ ਸਭਾ ਕਾਨਪੁਰ ਵਿਖੇ ਸ਼ੋਭਾ ਦੇ ਰਹੀ ਹੈ ਅਤੇ ਤੀਜਾ ਅਹਿਮ ਕੰਮ ਸਭ ਤੋਂ ਵੱਡਾ ਕੰਮ ਇਹ ਹੈ ਕਿ ਕਾਨਪੁਰ ਵਿਖੇ, ਚੌਕ ਬਾਜ਼ਾਰ ਵਿਚ, ਗੁਰੂ ਤੇਗ ਬਹਾਦਰ ਜੀ ਦੇ ਨਾਮ ਤੇ ਗੁਰਦੁਆਰਾ ਪੱਕੇ ਤੌਰ ’ਤੇ ਅਸਥਾਪਤ ਕਰਵਾਉਣਾ।

ਇਸ ਗੁਰਦੁਆਰੇ ਦਾ ਇਤਿਹਾਸ ਇਸ ਤਰ੍ਹਾਂ ਹੈ ਕਿ ਹਿੰਦੁਸਤਾਨ ਦੀ ਵੰਡ ਤੋਂ ਪਹਿਲੇ ਕਾਨਪੁਰ ਵਿਚ ਕੋਈ ਗੁਰਦੁਆਰਾ ਨਹੀਂ ਸੀ ਅਤ ਉਹਨਾਂ ਦਿਨਾਂ ਵਿਚ ਜੋ ਵਪਾਰ ਦੇ ਸਿਲਸਿਲੇ ਵਿਚ ਗੁਰੂ ਕੇ ਸਿੱਖ ਕਾਨਪੁਰ ਆਉਂਦੇ ਸੀ, ਉਹਨਾਂ ਨੂੰ ਗੁਰੂ ਦੇ ਦਰਸ਼ਨ ਨਹੀਂ ਸੀ ਹੁੰਦੇ। ਕੁਝ ਸਮੇਂ ਬਾਅਦ ਸਿੱਖ ਵਪਾਰੀਆਂ ਨੇ ਮਿਲ ਕੇ ਗੁਰਦੁਆਰਾ ਸਥਾਪਤ ਕਰਨ ਦੀ ਸਲਾਹ ਬਣਾਈ ਤਾਂ ਉਹਨਾਂ ਨੇ ਮਿਉਂਸਪੈਲਿਟੀ ਨੂੰ ਮਿਲ ਕੇ ਚੌਕ ਬਾਜ਼ਾਰ ਕਿਤਾਬ ਬਾਜਾਰ ਵਿਚ ਇਕ ਕਮਰਾ ਕਿਰਾਏ ਤੇ ਲੈ ਲਿਆ ਤੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਗੁਰਦੁਆਰਾ ਅਸਥਾਪਤ ਕਰ ਦਿੱਤਾ। ਗੁਰੂ ਕੇ ਸਿੱਖਾਂ ਨੂੰ ਗੁਰੂ ਕੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ। ਕੁਝ ਸਮੇਂ ਇਕ ਗੁਰਪੁਰਬ ਆ ਗਿਆ। ਗੁਰਦੁਆਰਾ ਛੋਟਾ ਹੋਣ ਕਰਕੇ ਸਾਰੇ ਬੈਠ ਨਹੀਂ ਸੀ ਸਕਦੇ ਤੇ ਗੁਰਦੁਆਰੇ ਦੇ ਸਾਹਮਣੇ ਇਕ ਛੋਟਾ ਜਿਹਾ ਪਾਰਕ ਸੀ। ਉਹਨਾਂ ਨੇ ਗਲੀ ਵਾਲਿਆਂ ਤੋਂ ਇਜਾਜ਼ਤ ਲੈ ਕੇ ਉਥੇ ਮਹਾਰਾਜ ਦਾ ਪ੍ਰਕਾਸ਼ ਕਰਕੇ ਗੁਰਪੁਰਬ ਮਨਾ ਲਿਆ । ਦੋ ਤਿੰਨ ਸਾਲ ਇਸੇ ਤਰ੍ਹਾਂ ਕਰਦੇ ਰਹੇ। ਫਿਰ ਮਿਊਂਸਪੈਲਿਟੀ ਨਾਲ ਗੱਲ ਕਰ ਕੇ ਗੁਰਪੁਰਬ ਮਨਾਉਣ ਲਈ ਪਾਰਕ ਪੱਕੇ ਤੌਰ ’ਤੇ ਅਲਾਟ ਕਰਵਾ ਲਿਆ। ਸਿੱਖਾਂ ਨੇ ਸੋਚਿਆ ਕਿ ਇਸ ਪਾਰਕ ਦਾ ਨਾਮ ਕੀ ਰੱਖੀਏ ਤਾਂ ਵਿਚੋਂ ਕਿਸੇ ਨੇ ਸਲਾਹ ਦਿੱਤੀ ਕਿ ਇਸ ਦਾ ਨਾਮ (ਗੁਰੂ ਤੇਗ ਬਹਾਦਰ ਪਾਰਕ) ਰੱਖ ਦਿਉਂ ਤਾਂ ਇਹ ਨਾਮ ਪੱਕਾ ਹੋ ਗਿਆ। ਗੁਰਸਿੱਖਾਂ ਨੇ ਇਕ ਪੱਥਰ ’ਤੇ ਲਿਖਵੇ ਕੇ ਉਹ ਪਾਰਕ ਵਿਚ ਪੱਕਾ ਲਵਾ ਲਿਆ (ਗੁਰੂ ਤੇਗ ਬਹਾਦਰ ਪਾਰਕ) ਇਹ ਪੱਥਰ ਉਸ ਪਾਰਕ ਵਿਚ ਅੱਜ ਵੀ ਲੱਗਾ ਹੋਇਆ ਹੈ। ਇਸ ਗੁਰਦੁਆਰੇ ਦਾ ਨਾਮ ਹੀ ਗੁਰਦੁਆਰਾ ਤੇਗ ਬਹਾਦਰ ਪੈ ਗਿਆ। ਵੈਸੇ ਇਸ ਅਸਥਾਨ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਨਹੀਂ ਸਨ ਆਏ। ਇਸ ਅਸਥਾਨ ’ਤੇ ਜੋ ਪਹਿਲੇ ਗ੍ਰੰਥੀ ਸਥਾਪਤ ਹੋਏ ਸਨ, ਉਹਨਾਂ ਦਾ ਨਾਮ ਬਾਬਾ ਰਿਪੁਦਮਨ ਸਿੰਘ ਸੀ। ਇਹ ਬਾਬਾ ਜੀ ਬਹੁਤ ਹੀ ਬੰਦਗੀ ਵਾਲੇ ਮਹਾਪੁਰਸ਼ ਤੇ ਪਰਮਾਤਮਾ ਤਕ ਪਹੁੰਚੀ ਹੋਈ ਹਸਤੀ ਸਨ। ਕਰਨੀ ਵਾਲੇ ਮਹਾਪੁਰਸ਼ ਸਨ। ਇਹਨਾਂ ਦੇ ਦਰਸ਼ਨ ਦਾਸ ਵੀ ਬੜਾ ਚਿਰ ਕਰਦਾ ਰਿਹਾ ਹੈ ਅਤੇ ਇਹ ਬਾਬਾ ਜੀ ਤਕਰੀਬਨ 108 ਸਾਲ ਦੇ ਹੋ ਕੇ ਗੁਰਪੁਰੀ ਸਿਧਾਰੇ ਸਨ। ਇਹਨਾਂ ਦੇ ਜ਼ਿਆਦਾ ਬਿਰਧ ਹੋਣ ਕਾਰਨ, ਕਮੇਟੀ ਨੇ ਦੂਸਰੇ ਗ੍ਰੰਥੀ ਰੱਖ ਲਏ ਸਨ ਭਾਈ ਅਰਜਨ ਸਿੰਘ ਜੀ, ਇਹ ਵੀ ਕਾਫੀ ਸਮਾਂ ਇਸ ਅਸਥਾਨ ਦੀ ਸੇਵਾ ਕਰਦੇ ਰਹੇ ਹਨ।

ਜਦੋਂ ਸੰਨ 1947 ਵਿਚ ਦੇਸ਼ ਵੰਡ ਹੋ ਗਈ ਤਾਂ ਬਹੁਤ ਸਾਰੇ ਗੁਰ ਸਿੱਖ ਪਾਕਿਸਤਾਨ ਤੋਂ ਆ ਕੇ ਕਾਨਪੁਰ ਵਿਚ ਵਸ ਗਏ। ਨਵੇਂ ਸਿੱਖਾਂ ਨੂੰ ਇਹ ਅਸਥਾਨ ਬਹੁਤ ਛੋਟਾ ਲਗਦਾ। ਉਹਨਾਂ ਗੁਰਸਿੱਖਾਂ ਨੇ ਲਾਟੂਸ਼ ਰੋਡ ’ਤੇ ਜਗ੍ਹਾ ਲੈ ਕੇ ਇਸ ਅਸਥਾਨ ਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਥਾਪਤ ਕੀਤਾ। ਸੋ ਨਵਾਂ ਗੁਰਦੁਆਰਾ ਸਥਾਪਤ ਹੋਣ ਕਾਰਨ ਇਸ ਪੁਰਾਨ ਸਥਾਨ ਤੇ ਸੰਗਤਾਂਦੀ ਆਵਜਾਈ ਬਹੁਤ ਘਟ ਗਈ। ਪਰ ਇਸ ਦਾ ਪ੍ਰਬੰਧ ਸ੍ਰੀ ਗੁਰੂ ਸਿੰਘ ਸਭਾ ਦੀ ਕਮੇਟੀ ਦਾ ਹੀ ਸੀ। ਜਦੋਂ ਭਾਈ ਮਾਨ ਸਿੰਘ ਪੰਛੀ ਜੀ ਨੇ ਸਿੰਘ ਸਭਾ ਵਿਚ ਕੀਰਤਨ ਦੀ ਸੇਵਾ ਸੰਭਾਲੀ ਤਾਂ ਸਭਾ ਨੇ ਪੰਛੀ ਜੀ ਨੂੰ ਕਿਹਾ ਕਿ ਤੁਸੀਂ ਹਰ ਐਤਵਾਰ ਰਾਤ ਦਾ ਦੀਵਾਨ ਸਿੰਘ ਸਭਾ ਦੀ ਬਜਾਏ ਇਸ ਗੁਰਦੁਆਰੇ ਕਰਿਆ ਕਰੋ ਤਾਂ ਗੁਰਦੁਆਰੇ ਦੀ ਰੌਣਕ ਵਧੇ ਤਾਂ ਹਰ ਐਤਵਾਰ ਸਾਡਾ ਜੱਥਾ ਪੰਛੀ ਜੀ ਦਾ ਅਸੀਂ ਇਸ ਗੁਰਦੁਆਰੇ ਕੀਰਤਨ

ਕਰਨ ਜਾਂਦੇ ਸਾਂ। ਗੁਰਦੁਆਰੇ ਦੇ ਅੱਗੇ ਛੋਟਾ ਜਿਹਾ ਬਰਾਂਡਾ ਸੀ, ਉਸ ਬਰਾਂਡੇ ਵਿਚ ਇਕ ਚਾਰਪਾਈ (ਮੰਜੀ) ਤੇ ਬਾਬਾ ਰਿਪਦੁਮਨ ਸਿੰਘ ਜੀ ਬੈਠੇ ਜਾਂ ਲੇਟੇ ਰਹਿੰਦੇ ਸਨ ਕਿਉਂਕਿ ਜ਼ਿਆਦਾ ਬਿਰਧ ਸਰੀਰ ਹੋਣ ਕਾਰਕੇ ਉੱਠ ਕੇ ਕਿੱਤੇ ਆ-ਜਾ ਨਹੀਂ ਸਨ ਸਕਦੇ। ਪਾਠਕ ਸੱਜਣੋ ਬਾਬਾ ਜੀ ਦੇ ਜੀਵਨ ਬਾਰੇ ਕੁਝ ਨਾ ਲਿਖਾਂ ਇਹ ਮੇਰੀ ਜ਼ਮੀਰ ਨਹੀਂ ਮੰਨਦੀ। ਥੋੜ੍ਹਾ ਲੇਖ ਲੰਮਾਂ ਤਾਂ ਹੋ ਜਾਏਗਾ ਸੋ ਮੁਆਫ ਕਰਨਾ।

ਬਾਬਾ ਜੀ ਬਾਰੇ ਜਿਤਨਾ ਕੁ ਮੈਂ ਵੇਖਿਆ ਹੈ, ਉਤਨਾ ਹੀ ਲਿਖਾਂਗਾ। ਇਹ ਅਤਿਕਥਨੀ ਵੀ ਨਹੀਂ, ਬਿਲਕੁੱਲ ਅਟੱਲ ਸੱਚਾਈ ਹੈ। ਬਾਬਾ ਰਿਪੁਦਮਨ ਸਿੰਘ ਜੀ ਜਿਤਨਾ ਚਿਰ ਚਲਦੇ ਫਿਰਦੇ ਰਹੇ, ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਹੀ ਤਤਪਰ ਰਹਿੰਦੇ ਸਨ ਅਤੇ ਸਿੰਘਾਂ ਨੇ ਕਾਨਪੁਰ ਵਿਚ ਇਹ ਗੁਰਦੁਆਰਾ ਸਥਾਪਤ ਕੀਤਾ, ਤਾਂ ਉਸ ਸਮੇਂ ਬਾਬਾ ਜੀ ਜਵਾਨ ਸਨ। ਉਹਨਾਂ ਇਸ ਥਾਂ ਦੀ ਸੇਵਾ ਕਰਨੀ ਆਪ ਮੰਗੀ। ਗੁਰਸਿੱਖਾਂ ਨੂੰ ਕਿਹਾ ਕਿ ਸੇਵਾ ਨਿਸ਼ਕਾਮ ਅਤੇ ਨਿਰਲੋਭ ਕਰਾਂਗਾ, ਮੈਂ ਤੁਹਾਥੋਂ ਕੁਝ ਨਹੀਂ ਲੈਣਾ, ਗੁਰੂ ਜੋ ਦੇਵੇਗਾ, ਮੈਂ ਉਸ ਵਿਚ ਗੁਜ਼ਾਰਾ ਕਰ ਲਵਾਂਗਾ। ਸੋ ਆਪ ਜੀ ਕਈ ਸਾਲ ਇਸ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਕਰਦੇ ਰਹੇ। ਸੰਗਤਾਂ ਨੂੰ ਪਤਾ ਸੀ ਕਿ ਬਾਬਾ ਜੀ ਨਿਸ਼ਕਾਮ ਸੇਵਾ ਕਰਦੇ ਹਨ ਤੇ ਸੰਗਤਾਂ ਸੇਵਾ ਕਰ ਜਾਂਦੀਆਂ ਹਨ। ਕੋਈ ਪ੍ਰੇਮੀ ਪ੍ਰਸ਼ਾਦੇ ਦੀ ਸੇਵਾ ਕਰ ਜਾਂਦਾ ਅਤੇ ਕੋਈ ਦੁੱਧ ਦੇ ਜਾਂਦਾ ਸੀ। ਕੋਈ ਪ੍ਰੇਮੀ ਮਾਇਆ ਭੇਟਾ ਕਰ ਜਾਂਦਾ ਸੀ ਇਸੇ ਤਰ੍ਹਾਂ ਸੰਗਤਾਂ ਸੇਵਾ ਕਰਦੀਆਂ ਸਨ। ਪਰ ਬਾਬਾ ਜੀ ਨੇ ਆਪਣੇ ਪੂਰੇ ਜੀਵਨ ਵਿਚ ਕਦੇ ਵੀ ਕਿਸੇ ਪਾਸੋਂ ਕੁਝ ਵੀ ਨਹੀਂ ਮੰਗਿਆ। ਬ੍ਰਹਮ ਗਿਆਨਤਾ ਐਸੀ ਅਵਸਥਾ ਸੀ ਜੇ ਕੋਈ ਮਾਇਆ ਦੇ ਗਿਆ ਤਾਂ ਉਹ ਉਥੇ ਹੀ ਪਈ ਰਹਿੰਦੀ ਸੀ। ਜੇ ਕਿਤੇ ਕੋਈ ਮੰਗਤੇ ਨੇ ਆ ਕੇ ਕਿਹਾ, ਬਾਬਾ ਜੀ ਭੁੱਖ ਲੱਗੀ ਹੈ ਤੇ ਰੋਟੀ ਕੋਲ ਪਈ ਹੋਵੇ ਤਾਂ ਉਹ ਚੱਕ ਕੇ ਦੇ ਦੇਣੀ। ਜੇ ਰੋਟੀ ਨਾ ਹੋਵੇ ਤਾਂ ਜਿਤਨੀ ਮਾਇਆ ਪਈ ਹੁੰਦੀ ਸੀ, ਉਹ ਸਾਰੀ ਚੁੱਕ ਕੇ ਮੰਗਤੇ ਨੂੰ ਜਾਂ ਭੁੱਖੇ ਨੂੰ ਦੇ ਦੇਣੀ ਤੇ ਕਹਿਣਾ ਜਾ ਬਈ ਪ੍ਰਸ਼ਾਦਾ ਛਕ ਲੈ। ਇਕ ਅੰਗੀਠੀ ਉਹਨਾਂ ਦੀ ਮੰਜੀ ਕੋਲ ਪਈ ਸੀ। ਕਈ ਪ੍ਰੇਮੀ ਅੰਗੀਠੀ ਭਖਾ ਕੇ ਕੋਲਿਆਂ ਦੀ ਰੱਖ ਜਾਂਦੇ ਸਨ। ਉਸ ਅੰਗੀਠੀ ਤੇ ਇਕ ਕੇਤਲੀ ਪਈ ਰਹਿੰਦੀ ਸੀ, ਜਿਸ ਵਿਚ ਚਾਹ ਬਣਦੀ ਰਹਿੰਦੀ ਰਹਿੰਦੀ ਸੀ। ਚਾਹ ਕਾਹਦੀ ਸੀ ਸੱਜਣੋਂ ਮਾਨੋਂ ਉਹ ਅੰਮ੍ਰਿਤ ਹੀ ਹੁੰਦਾ ਸੀ (ਸਰਬ ਰੋਗ ਕਾ ਅਉਖਧ ਨਾਮ) ਸੀ ਉਹ। ਜੇਕਰ ਕੋਈ ਪ੍ਰੇਮੀ ਦੁੱਧ ਲੈ ਕੇ ਆਇਆ ਤਾਂ ਉਸ ਨੂੰ ਕਹਿਣਾ ਕਿ ਇਸੇ ਕੇਤਲੀ ਵਿਚ ਪਾ ਦੇ। ਜੇਕਰ ਕੋਈ ਲੱਸੀ ਲੈ ਕੇ ਆ ਗਿਆ, ਉਸ ਨੂੰ ਵੀ ਕਹਿਣਾ ਇਸੇ ਕੇਤਲੀ ਵਿਚ ਪਾ ਦੇ, ਜੇ ਕੋਈ ਰੋਗੀ ਅੀਾ ਗਿਆ, ਉਸ ਨੇ ਕਿਹਾ ਬਾਬਾ ਜੀ ਮੈਨੂੰ ਫਲਾਣਾ ਰੋਗ ਹੈ। ਉਸ ਨੂੰ ਉਸੇ ਕੇਤਲੀ ਵਿਚੋਂ ਕੱਪ ਭਰ ਕੇ ਦੇਣਾ ਤੇ ਕਹਿਣਾ ਅੱਖਾਂ ਬੰਦ ਕਰ ਕੇ ਤੇ ਵਾਹਿਗੁਰੂ ਕਹਿ ਕੇ ਪੀ ਜਾ। ਉਹਨਾਂ ਪੀ ਜਾਣਾ ਤੇ ਰੋਗੀਆਂ ਦੇ ਰੋਗ ਦੂਰ ਨਸ ਜਾਂਦੇ ਸਨ। ਰੋਗੀ ਤੰਦਰੁਸਤ ਹੋ ਜਾਂਦਾ ਸੀ। ਕਾਨਪੁਰ ਦੀ ਸਭ ਤੋਂ ਮੰਨੀ ਪ੍ਰਮੰਨੀ ਹਸਤੀ ਸ: ਇੰਦਰ ਸਿੰਘ ਜਿਸ ਦੇ ਕਈ ਕਾਰਖਾਨੇ ਸਨ ਕਾਨਪੁਰ ਵਿਚ ਅਤੇ ਕਾਨਪੁਰ ਦਾ ਸਭ ਤੋਂ ਅਮੀਰ ਸਿੱਖ ਉਸ ਨੂੰ ਕੋਈ ਐਸੀ ਬੀਮਾਰੀ ਸੀ, ਜਿਸ ਤੇ ਉਹ ਲੱਖਾਂ ਰੁਪਏ ਖਰਚ ਕਰ ਚੁਕਾ ਸੀ। ਦੇਸ਼ ਤੇ ਵਿਦੇਸ਼ਾਂ ਤੋਂ ਇਲਾਜ ਕਰਵਾ ਕੇ ਵੀ ਆਰਾਮ ਨਹੀਂ ਆਇਆ। ਉਹਨਾਂ ਨੂੰ ਕਿਸੇ ਨੇ ਦੱਸਿਆ ਕਿ ਤੁਸੀਂ ਬਾਬਾ ਜੀ ਕੋਲ ਚਲੇ ਜਾਉ ਤੇ ਠੀਕ ਹੋ ਜਾਉਗੇ। ਉਹ ਦੋਵੇਂ ਪਤੀ ਪਤਨੀ ਬਾਬਾ ਜੀ ਦੇ ਕੋਲ ਇਸ ਗੁਰਦੁਆਰਾ ਆ ਗਏ। ਬਾਬਾ ਜੀ ਨੇ ਉਸੇ ਕੇਤਲੀ ਵਿਚੋਂ ਇਕ ਕੱਪ ਭਰ ਕੇ ਚਾਹ ਦਾ ਸ: ਇੰਦਰ ਸਿੰਘ ਨੂੰ ਕਿਹਾ ਪਹਿਲੇ ਤੁਸੀਂ ਇਹ ਚਾਹ ਦਾ ਪ੍ਰਸ਼ਾਦ ਛੱਕ ਲਉ। ਫਿਰ ਸਾਨੂੰ ਦੱਸਣਾ ਕਿ ਤੁਹਾਨੂੰ ਕੀ ਰੋਗ ਹੈ? ਸ: ਇੰਦਰ ਸਿੰਘ ਜੀ ਨੇ ਵਾਹਿਗੁਰੂ ਆਖ ਕੇ ਚਾਹ ਪੀ ਲਈ ਤੇ ਥੋੜ੍ਹੀ ਦੇਰ ਬੈਠੇ ਰਹੇ। ਉਹਨਾਂ ਨੂੰ ਅੰਦਰੋਂ ਮਹਿਸੂਸ ਹੋਇਆ ਕਿ ਮੈਨੂੰ ਤਾਂ ਕੋਈ ਰੋਗ ਹੈ ਈ ਨਹੀਂ। ਬਾਬਾ ਜੀ ਨੇ ਥੋੜ੍ਹੀ ਦੇਰ ਬਾਅਦ ਪੁੱਛਿਆ, ਗੁਰਮੁੱਖੋ ਹੁਣ ਦੱਸੋ ਤੁਸਾਂ ਨੂੰ ਕੀ ਤਕਲੀਫ ਹੈ ਤੇ ਸਰਦਾਰ ਇੰਦਰ ਸਿੰਘ ਜੀ ਦੀ ਅੱਖਾਂ ਵਿਚ ਹੰਝੂ ਆ ਗਏ ਤੇ ਮੂੰਹੋਂ ਬੋਲੇ ਬਾਬਾ ਜੀ ਮੈਨੂੰ ਕੋਈ ਤਕਲੀਫ ਨਹੀਂ। ਮੈਂ ਬਿਲਕੁਲ ਠੀਕ ਹਾਂ।

ਅਸੀਂ ਹਰ ਐਤਵਾਰ ਸ਼ਾਮ ਨੂੰ ਰਾਤ ਨੂੰ ਕੀਰਤਨ ਕਰਨ ਜਾਂਦੇ ਸਾਂ ਤੇ ਇਕ ਦਿਨ ਪੰਛੀ ਜੀ ਤੇ ਮੈਂ ਕੀਰਤਨ ਸ਼ੁਰੂ ਕੀਤਾ ਤੇ ਬਾਬਾ ਜੀ ਆ ਕੇ ਕਹਿਣ ਲੱਗੇ, ਗੁਰਮੁੱਖੋ ਅੱਜ ਮੇਰੇ ਪਾਸ ਭੇਟਾ ਹੈ ਨਹੀਂ ਮੈਂ ਕਿਥੋਂ ਦਿਆਂ। ਥੋੜ੍ਹੀ ਦੇਰ ਬਾਅਦ ਕਿਸੇ ਪ੍ਰੇਮੀ ਨੇ ਆ ਕੇ ਬਾਬਾ ਜੀ ਨੂੰ ਮਾਇਆ ਭੇਟ ਕਰ ਦਿੱਤੀ। ਉਹਨਾਂ ਨੇ ਸਾਰੀ ਮਾਇਆ ਆ ਕੇ ਸਾਡੇ ਅੱਗੇ ਰੱਖ ਦਿੱਤੀ ਤੇ ਕਹਿਣ ਲੱਗੇ ਤੁਹਾਡੀ ਕਿਸਮਤ ਚੰਗੀ ਹੈ, ਜੋ ਮਾਇਆ ਆ ਗਈ। ਸੋ ਐਸੀ ਬ੍ਰਹਮ ਗਿਆਨੀ ਅਵਸਥਾ ਸੀ, ਬਾਬਾ ਰਿਪੁਦਮਨ ਸਿੰਘ ਜੀ ਦੀ। ਆਪ ਜੀ 108 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਉਹਨਾਂ ਦੀ ਅੰਤੇਸ਼ਵਰਦੀ ਵਕਤ ਕਾਨਪੁਰ ਦਾ ਹਰ ਸ਼ਖਸ ਭਾਵੇਂ ਉਹ ਕਿਸੇ ਵੀ ਧਰਮ ਦਾ ਸੀ, ਹਿੰਦੂ ਕੀ, ਮੁਸਲਮਾਨ ਕੀ, ਸਿੱਖ ਕੀ, ਈਸਾਈ ਕੀ, ਸਭ ਲੋਕਾਂ ਨੇ ਗਹਿਰਾ ਸ਼ੋਕ ਮਨਾਇਆ ਅਤ ਉਹਨਾਂ ਦੀ ਅਰਥੀ ਦੇ ਜਲੂਸ ਨਾਲ ਤਕਰੀਬਨ ਦਸ ਕਿਲੋਮੀਟਰ ਲੰਮਾ ਜਲੂਸ ਸੀ, ਸ਼ਹਿਰ ਦਾ ਹਰ ਬੰਦਾ ਉਹਨਾਂ ਦੀ ਅਰਥੀ ਨਾਲ ਸ਼ਾਮਲ ਸੀ।

ਸੋ ਮੈਂ ਆਪਣੇ ਮੂਲ ਲੇਖ ਵਾਪਸ ਆਵਾਂ, ਸਾਡਾ ਪੰਛੀ ਜੀ ਦਾ ਰਾਗੀ ਜੱਥਾ ਜਿਸ ਵਿਚ ਦਾਸ ਵੀ ਸ਼ਾਮਲ ਸੀ। ਤਬਲੇ ਤੇ ਸਾਡੇ ਨਾਲ ਭਾਈ ਤ੍ਰਿਲੋਕ ਸਿੰਘ ਜੋ ਕਿ ਅੱਖਾਂ ਤੋਂ ਹੀਣ ਸਨ, ਪਰ ਤਬਲਾ ਬਹੁਤ ਕਮਾਲ ਦਾ ਵਜਾਉਂਦੇ ਸਨ। ਇਹ ਪ੍ਰੋਫੈਸਰ ਅਰਜਨ ਸਿੰਘ ਰਾਗੀ ਜੋ ਕਿ ਗਿਆਨੀ ਗਿਆਨ ਸਿੰਘ ਅਲਮਸਤ ਜੀ ਦੇ ਦਾਮਾ ਦ ਅਤੇ ਸ਼ਾਗਿਰਦ ਸਨ, ਉਹਨਾਂ ਦੇ ਸ਼ਾਗਿਰਦ ਸਨ। ਭਾਈ ਧਰਮ ਸਿੰਘ ਰਾਜਸਥਾਨ ਤੋਂ ਤਬਲੇ ਵਾਲੇ ਪੰਛੀ ਸਾਹਿਬ ਜੀ ਨਾਲੋਂ ਛੱਡ ਕੇ ਚਲੇ ਗਏ ਸਨ। ਅਸੀਂ ਹਰ ਐਤਵਾਰ ਰਾਤ ਦਾ ਕੀਰਤਨ ਗੁਰਦੁਆਰਾ ਚੌਂਕ ਬਾਜ਼ਾਰ ਵਿਚ ਕਰਨ ਜਾਂਦੇ ਸਾਂ। ਪਰ ਉਥੇ ਸੰਗਤ ਨਹੀਂ ਸੀ ਹੋਈ। ਸਿਰਫ ਇਕ ਜਾਂ ਦੋ ਸੱਜਣ ਆਉਂਦੇ ਸਨ, ਉਹ ਵੀ ਜਿਹਨਾਂ ਦੇ ਘਰ ਗੁਰਦੁਆਰੇ ਦੇ ਕੋਲ ਸਨ। ਦੋ ਤਿੰਨ ਮਹੀਨੇ ਇਸੇ ਤਰ੍ਹਾਂ ਹੀ ਚਲਦਾ ਰਿਹਾ। ਇਕ ਦਿਨ ਪੰਛੀ ਜੀ ਤੇ ਅਸੀਂ ਸਾਰਿਆਂ ਨੇ ਮਿਲ ਕੇ ਸਲਾਹ ਕੀਤੀ ਕਿ ਕੁਝ ਐਸਾ ਉਪਰਾਲਾ ਕੀਤਾ ਜਾਏ ਕਿ ਇਸ ਗੁਰਦੁਆਰੇ ਦੀ ਸੰਗਤ ਅਤੇ ਰੌਣਕ ਵਧੇ। ਉਸ ਤੋਂ ਅਗਲ ਐਤਵਾਰ ਪੰਛੀ ਜੀ ਨੇ ਇਹ ਪ੍ਰੋਗਰਾਮ ਬਣਾ ਕੇ ਅਨਾਊਂਸ ਕਰ ਦਿੱਤਾ ਕਿ ਅਗਲੇ ਐਤਵਾਰ ਇਸ ਗੁਰਦੁਆਰੇ ਅਖੰਡ ਪਾਠ ਦਾ ਭੋਗ ਪਾਇਆ ਜਾਵੇਗਾ। ਬਾਦ ਵਿਚ ਕੀਰਤਨ ਹੋਵੇਗਾ ਅਤੇ ਸ਼ੁਕਰਵਾਰ ਰਾਤ ਨੂੰ ਅਖੰਡ ਪਾਠ ਰੱਖ ਕੇ ਐਤਵਾਰ ਨੂੰ ਭੋਗ ਪਾਇਆ ਜਾਵੇਗਾ।ਇਹ ਅਖੰਡ ਪਾਠ ਸਾਰਾ ਸਟਾਫ ਤੇ ਪਾਠੀ ਤੇ ਸੰਗਤ ਫਰੀ ਕਰਨਗੇ, ਮਾਇਆ ਤੋਂ ਰਹਿਤ ਕਰਨਗੇ। ਜਦੋਂ ਇਹ ਕੰਮ ਕੀਤਾ ਗਿਆ। ਐਤਵਾਰ ਪਾਠ ਦੇ ਭੋਗ ਤੇ ਦੋ ਚਾਰ ਸੱਜਣ ਸੰਗਤ ਵੱਧ ਆਈ ਤੇ ਥੋੜ੍ਹੀ ਰੌਣਕ ਵਧ ਗਈ। ਇਸ ਦੀਵਾਨ ਦੇ ਭੋਗ ਤੋਂ ਬਾਅਦ ਪੰਛੀ ਜੀ ਨੇ ਅਗਲੇ ਐਤਵਾਰ ਫਿਰ ਅਖੰਡ ਪਾਠ ਦੇ ਪ੍ਰੋਗਰਾਮ ਅਨਾਊਂਸ ਕਰ ਦਿੱਤਾ। ਇਹ ਪਾਠ ਵੀ ਸਭ ਨੇ ਬਿਨਾਂ ਭੇਟਾ ਲਿਆ ਹੀ ਕੀਤਾ। ਦੂਜੇ ਅਖੰਡ ਪਾਠ ਦੇ ਭੋਗ ਤੇ ਸੰਗਤ ਹੋਰ ਵੱਧ ਗਈ ਅਤੇ ਪੰਛੀ ਜੀ ਨੇ ਤੀਸਰੇ ਐਤਵਾਰ ਲਈ ਅਖੰਡ ਪਾਠ ਅਨਾਊਂਸ ਕਰ ਦਿੱਤਾ। ਸੰਗਤ ਵਿਚੋਂ ਇਕ ਪ੍ਰੇਮੀ ਨੇ ਕਿਹਾ ਕਿ ਇਹ ਅਖੰਡ ਪਾਠ ਮੇਰੇ ਵੱਲੋਂ ਕੀਤਾ ਜਾਵੇ। ਮੈਂ ਪਾਠ ਅਤੇ ਪਾਠੀਆਂ ਦੀ ਭੇਟਾ ਵੀ ਦੇਵਾਂਗਾ। ਤੀਜੇ ਐਤਵਾਰ ਸੰਗਤ ਹੋਰ ਵੱਧ ਗਈ ਤੇ ਚੌਥੇ ਐਤਵਾਰ ਵਾਸਤੇ ਇਕ ਹੋਰ ਪ੍ਰੇਮੀ ਨੇ ਅਖੰਡ ਪਾਠ ਦੀ ਸੇਵਾ ਲੈ ਲਈ। ਸੰਗਤ ਕਾਫੀ ਹੋ ਗਈ ਅਤੇ ਸਤਿਗੁਰ ਦੀ ਐਸੀ ਕ੍ਰਿਪਾ ਹੋ ਗਈ। ਹੁਣ ਹਰ ਐਤਵਾਰ ਹੀ ਸੰਗਤਾਂ ਵੱਲੋਂ ਅਖੰਡ ਪਾਠ ਹੋਣੇ ਸ਼ੁਰੂ ਹੋ ਗਿਆ ਅਤੇ ਹੌਲੀ ਹੌਲੀ ਅਖੰਡ ਪਾਠਾਂ ਦੀ ਲਿਸਟ ਵਧਦੀ ਗਈ ਤੇ ਫਿਰ ਹਰ ਐਤਵਾਰ ਦੋ ਦੋ ਪਾਠਾਂ ਦੇ ਭੋਗ ਪੈਣੇ ਸ਼ੁਰੂ ਹੋ ਗਏ। ਸੰਗਤ ਦੂਰੋਂ ਦੂਰੋਂ ਆਉਣ ਲੱਗ ਪਈ। ਫਿਰ ਅਸਥਾਨ ਦੀ ਮਹਿਮਾ ਇਤਨੀ ਵੱਧ ਗਈ ਕਿ ਸੰਗਤਾਂ ਦਸ ਦਸ ਮੀਲ ਤੋਂ ਪੈਦਲ ਹੀ ਸ਼ਰਧਾ ਨਾਲ ਚੱਲ ਕੇ ਇਸ ਅਸਥਾਨ ਤੇ ਪੁੱਜਣੀਆਂ ਸ਼ੁਰੂ ਹੋ ਗਈਆਂ। ਅੱਜ ਦੀ ਤਾਰੀਖ ਵਿਚ ਕਾਨਪੁਰ ਵਿਚ ਸਭ ਤੋਂ ਵੱਡਾ ਤੇ ਪੂਜਣਯੋਗ ਅਸਥਾਨ ਗੁਰਦੁਆਰਾ ਤੇਗ ਬਹਾਦਰ ਸਾਹਿਬ, ਚੌਕ ਬਾਜ਼ਾਰ ਹੈ। ਇਹ ਅਸਥਾਨ ਨੂੰ ਇਸ ਉੱਚ ਕੋਟੀ ਤੇ ਪੁਚਾਉਣਾ, ਇਹ ਸਿਹਰਾ ਭਾਈ ਮਾਨ ਸਿੰਘ ਪੰਛੀ ਜੀ ਦੇ ਸਿਰ ਜਾਂਦਾ ਹੈ। ਸੋ ਭਾਈ ਮਾਨ ਸਿੰਘ ਪੰਛੀ ਜੀ ਨੇ ਸੰਨ

1958 ਤੋਂ ਲੈ ਕੇ ਸੰਨ 1965 ਫਰਵਰੀ ਤਕ ਇਸ ਅਸਥਾਨ ਤੇ ਕਾਨਪੁਰ ਸਿੰਘ ਸਭਾ ਰਾਜਪੁਰੇ ਆਪਣੇ ਪਿਤਾ ਜੀ ਦੇ ਪਾਸ ਆ ਗਿਆ ਸੀ। ਕਿਉਂਕਿ 10 ਮਾਰਚ 1965 ਨੂੰ ਮੇਰੀ ਸ਼ਾਦੀ ਸੀ। ਮੇਰਾ ਅਨੰਦ ਕਾਰਜ ਵੀ ਜਲੰਧਰ ਵਿਖੇ, ਭਾਈ ਮਾਨ ਸਿੰਘ ਪੰਛੀ ਜੀ ਨੇ ਹੀ ਪੜ੍ਹਿਆ ਸੀ। ਉਸਤੋਂ ਬਾਅਦ ਭਾਈ ਮਾਨ ਸਿੰਘ ਪੰਛੀ ਜੀ ਰਾਮਪੁਰ ਯੂ.ਪੀ. ਵਿਚ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿਖੇ ਕੀਰਤਨ ਦੀ ਸੇਵਾ ਤੇ ਲੱਗ ਪਏ। ਕੁਝ ਸਮਾਂ ਆਪ ਜੀ ਇਸ ਅਸਥਾਨ ’ਤੇ ਰਹੇ। ਉਸ ਤੋਂ ਬਾਅਦ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੁਰਾਦਾਬਾਦ ਵਾਲਿਆਂ ਨੂੰ ਰਾਗੀ ਜੱਥਾ ਲੋੜ ਸੀ ਤੇ ਮੁਰਾਦਾਬਾਦ ਦੀ ਕਮੇਟੀ ਇਹਨਾਂ ਨੂੰ ਰਾਮਪੁਰ ਤੋਂ ਮੁਰਾਦਾਬਾਦ ਲੈ ਆਈ ਸੀ ਅਤੇ ਕੁਝ ਸਮਾਂ ਆਪ ਜੀ ਨੇ ਇਥੇ ਗੁਜ਼ਾਰਿਆ। ਉਸ ਤੋਂ ਬਾਅਦ ਆਪ ਜੀ ਬਰੇਲੀ ਵਿਖੇ, ਗੁਰਦੁਆਰਾ ਗੁਰੂ ਨਾਨਕ ਦਰਬਾਰ ਕੁਹਾੜਾ ਪੀਰ ਨੈਨੀਤਾਲ ਰੋਡ ਵਿਖੇ ਕੀਰਤਨ ਦੀ ਸੇਵਾ ਕੀਤੀ। ਫਿਰ ਇਤਿਹਾਸਕ ਗੁਰਦੁਆਰਾ ਸ੍ਰੀ ਨਾਨਕ ਮਤਾ ਸਾਹਿਬ, ਜ਼ਿਲ੍ਹਾ ਨੈਨੀਤਾਲ ਵਿਖੇ ਸੇਵਾ ਮਿਲ ਗਈ। ਆਪ ਜੀ ਨੂੰ ਫਿਰ ਸਹਾਇਕ ਰਾਗੀ ਦੀ ਜ਼ਰੂਰਤ ਪੈ ਗਈ। ਆਪ ਜੀ ਫਿਰ ਮੈਨੂੰ ਆ ਕੇ ਰਾਜਪੁਰੇ ਤੋਂ ਲੈ ਗਏ। ਨਾਨਕ ਮਤਾ ਕਮੇਟੀ ਨੇ ਪੰਛੀ ਜੀ ਤੇ ਸਾਡੇ ਜੱਥੇ ਨੂੰ ਗੁਰਦੁਆਰੇ ਦੀ ਉਗਰਾਹੀ ਲਈ ਟੂਰ ਬਣਾ ਕੇ ਭੇਜ ਦਿੱਤਾ। ਉਸ ਟੂਰ ਵਿਚ ਗੁਰੂ ਨਾਨਕ ਮਤਾ ਸਾਹਿਬ ਦੀ ਉਗਰਾਹੀ ਵਾਸਤੇ ਜੋ ਟੂਰ ਕੀਤਾ, ਉਸ ਵਿਚ ਨੈਨੀਤਾਲ, ਹਲਦਵਾਨੀ, ਸੀਤਾਪੁਰ, ਲਖਨਊ, ਪੀਲੀਭਾਂਤ, ਹਜ਼ਾਰੀ ਬਾਗ, ਟਾਟਾ ਨਗਰ, ਰਾਂਚੀ, ਡਾਲਟਨ ਗੰਜ, ਬਸਤੀ, ਗੌਂਡਾ ਸ਼ਹਿਰ ਘੁੰਮੇ। ਇਸ ਟੂਰ ਵਿਚ ਜਦੋਂ ਅਸੀਂ ਟਾਟਾ ਨਗਰ ਪਹੁੰਚੇ ਤਾਂ ਉਥੇ ਗੁਰਦੁਆਰਾ ਟਾਊਨ ਸਾਕਚੀ ਵਾਲਿਆਂ ਨੇ ਪੰਛੀ ਜੀ ਨੂੰ ਪੱਕੀ ਸੇਵਾ ਵਾਸਤੇ ਮਨਾ ਲਿਆ। ਪੰਛੀ ਜੀ ਨੇ ਵਾਅਦਾ ਕੀਤਾ ਕਿ ਅਸੀਂ ਨਾਨਕ ਮਤਾ ਸਾਹਿਬ ਜਾ ਕੇ ਉਥੇ ਅਸਤੀਫਾ ਦੇ ਕੇ ਫਿਰ ਤੁਹਾਡੇ ਪਾਸ ਵਾਪਸ ਆ ਜਾਵਾਂਗੇ। ਤਾਂ ਸਾਡਾ ਜੱਥਾ ਟਾਟਾ ਨਗਰ ਤੋਂ ਵਾਪਸ ਸ੍ਰੀ ਨਾਨਕ ਮਤਾ ਸਾਹਿਬ ਪਹੁੰਚ ਗਿਆ। ਉਥੇ ਜਾ ਕੇ ਸ੍ਰੀ ਨਾਨਕ ਮਤਾ ਤੋਂ ਡੀਊਟੀ ਛੱਡ ਦਿੱਤੀ ਅਤੇ ਅਸੀਂ ਟਾਟਾ ਨਗਰ ਆ ਕੇ ਗੁਰਦੁਆਰਾ ਟਾਊਨ ਸਾਕਚੀ ਵਿਖੇ ਡੀਊਟੀ ਕਰ ਲਈ। ਉਥੇ ਸਿਰਫ ਚਾਰ ਕੁ ਮਹੀਨੇ ਹੀ ਰਹੇ। ਇਕ ਤਾਂ ਮਨ ਨਹੀਂ ਲੱਗਾ, ਦੂਜਾ ਸਾਰੇ ਹੀ ਬੀਮਾਰ ਹੋ ਗਏ ਤੇ ਅਸੀਂ ਚਾਰ ਮਹੀਨੇ ਰਹਿ ਕੇ ਹੀ ਉਥੋਂ ਸੇਵਾ ਛੱਡ ਦਿੱਤੀ। ਮੈਂ ਰਾਜਪੁਰੇ ਆ ਗਿਆ ਤੇ ਪੰਛੀ ਜੀ ਰਾਮਪੁਰ ਚਲੇ ਗਏ। ਕਿਉਂਕਿ ਉਹਨਾਂ ਦਾ ਪਰਿਵਾਰ ਉਸ ਸਮੇਂ ਰਾਮਪੁਰ ਸੀ। ਉਸ ਤੋਂ ਬਾਅਦ ਦਾਸ ਦਾ ਪੰਛੀ ਜੀ ਨਾਲ ਸੰਪਰਕ ਨਹੀਂ ਹੋਇਆ। ਪਰ ਇਹ ਪਤਾ ਲਗਦਾ ਰਹਿੰਦਾ ਸੀ ਕਿ ਉਹ ਹੁਣ ਇਸ ਥਾਂ ਤੇ ਹਨ। ਆਪ ਜੀ ਵੀ ਰਾਮਪੁਰ ਤੋਂ ਪਰਿਵਾਰ ਨੂੰ ਲੈ ਕੇ ਰਾਜਪੁਰੇ ਆ ਗਏ ਜਿਹੜਾ ਰੇਲਵੇ ਸਟੇਸ਼ਨ ਦੇ ਨਾਲ ਗੁਰਦੁਆਰਾ ਨਵੀਨ ਸਿੰਘ ਸਭਾ ਹੈ, ਉਥੇ ਆ ਕੇ ਸੇਵਾ ਲੈ ਲਈ ਕੀਰਤਨ ਦੀ। ਕੁਝ ਸਮਾਂ ਏਥੇ ਸੇਵਾ ਕੀਤੀ, ਪਰ ਆਮਦਨ ਘਟ ਹੋਣ ਕਾਰਨ ਏਕੋਂ ਛੇਤੀ ਹੀ ਸੇਵਾ ਛੱਡ ਦਿੱਤੀ। ਆਪ ਜੀ ਯਮੁਨਾਨਗਰ, ਹਰਿਆਣਾ ਵਿਚ ਚਲੇ ਗਏ। ਏਥੇ ਬੱਸ ਸਟੈਂਡ ਤੇ ਪਾਸ ਇਕ ਪਾਸ ਇਕ ਗੁਰਦੁਆਰਾ ਹੈ। ਉਥੇ ਕੁਝ ਚਿਰ ਸੇਵਾ ਕੀਤੀ। ਏਥੇ ਹੀ ਆਪ ਜੀ ਨੇ ਸਭ ਤੋਂ ਛੋਟੀ ਬੱਚੀ ਬੇਟੀ ਕੁੱਕੀ ਦਾ ਵਿਆਹ ਕੀਤਾ। ਉਸ ਤੋਂ ਕੁਝ ਬਮਾਂ ਬਾਅਦ ਆਪ ਜੀ ਨੂੰ ਅਧਰੰਗ ਦਾ ਅਟੈਕ ਹੋ ਗਿਆ। ਆਪ ਜੀ ਦੀ ਸਪੁੱਤਰੀ ਬੀਬੀ ਅਮਰ ਕੌਰ, ਜਦੋਂ ਆਪ ਜੀ ਮੁਰਾਦਾਬਾਦ ਸਨ, ਹਰਥਲੇ ਗੁਰਦੁਆਰੇ ਉਹਨੀਂ ਦਿੱਨੀਂ ਉਹ ਸਵਰਗਪਾਸ ਹੋ ਗਈ ਸੀ। ਆਪ ਜੀ ਦੀ ਸੁਪਤਨੀ ਬਹੁਤ ਖੂਬਸੂਰਤ ਤੇ ਸਿਆਣੀ, ਮਿਲਣਸਾਰ ਸੁਭਾਅ ਵਾਲੀ ਸੀ। ਅਧਰੰਗ ਹੋਣ ਕਾਰਨ ਆਪ ਜੀ ਨੇ ਯਮੁਨਾਨਗਰ ਛੱਡ ਦਿੱਤਾ ਤੇ ਆਪ ਜੀ ਦਾ ਪਰਿਵਾਰ ਤੇ ਬੱਚੇ ਆਪ ਜੀ ਨੂੰ ਪਟਿਆਲੇ ਲੈ ਆਇਆ। ਇਹਨਾਂ ਨੇ ਏਥੇ ਆ ਕੇ ਇਕ ਮਕਾਨ ਕਿਰਾਏ ’ਤੇ ਲੈ ਕੇ ਉਥੇ ਰਿਹਾਇਸ਼ ਕਰ ਲਈ ਸੀ, ਪਰ ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪੰਛੀ ਜੀ ਦੇ ਆਖਰੀ ਦਿਨ ਬਹੁਤ ਹੀ ਔਖੇ ਗੁਜਰੇ ਸਨ। ਉਹਨਾਂ ਨੂੰ ਅਧਰੰਗ ਹੋ ਗਿਆ ਸੀ ਪਰ ਸਾਡੀ ਕੌਮ ਨੇ ਉਹਨਾਂ ਦੀ ਕੋਈ ਸਾਰ ਨਹੀਂ ਲਈ ਅਤੇ ਇਸੇ ਹੀ ਬੀਮਾਰੀ ਕਾਰਨ ਉਹ ਸਾਥੋਂ 23 ਅਕਤੂਬਰ ਸੰਨ 1978 ਨੂੰ ਸਦਾ ਲਈ ਵਿਛੜ ਗਏ।

ਭਾਈ ਮਾਨ ਸਿੰਘ ਜੀ ਪੰਛੀ ਜੀ ਦੀਆਂ ਸੱਤ ਸੰਤਾਨਾਂ ਸਨ। ਸਭ ਤੋਂ ਵੱਡੇ ਪੁੱਤਰ ਉਹਨਾਂ ਦੇ ਭਾਈ ਦਰਸ਼ਨ ਸਿੰਘ ਜੀ ਹਨ, ਜੋ ਕਿ ਅੱਜ ਕੱਲ ਪਿੰਡ ਮੋਹਨਪੁਰ (ਸ਼ਾਹਬਾਦ ਮਾਰ ਕੰਡਾ ਦੇ ਪਾਸ ਹੈ) ਉਥੇ ਰਹਿ ਰਹੇ ਹਨ। ਇਹ ਦਾਸ ਦਾ ਜਿਗਰੀ ਦੋਸਤ ਤੇ ਮਿੱਤਰ ਹੈ। ਇਹਨਾਂ ਤੋਂ ਛੋਟੀ ਆਪ ਜੀ ਦੀ ਬੇਟੀ ਬਚਨ ਕੌਰ ਜੋ ਕਿ ਲੁਧਿਆਣੇ ਦੇ ਕੋਲ ਪਿੰਡ ਮਾਛੀਆਂ ਵਿਖੇ ਵਿਆਹੀ ਹੋਈ ਹੈ। ਇਹ ਬੇਟੀ ਦੋਵੇਂ ਪਤੀ ਪਤਨੀ ਥੋੜ੍ਹੇ ਦਿਨ ਹੀ ਹੋਏ ਹਨ, ਦੋਵੇਂ ਹੀ ਸਵਰਗਪਾਸ ਹੋ ਗਏ ਹਨ। ਇਹਨਾਂ ਤੋਂ ਛੋਟਾ ਪੰਛੀ ਜੀ ਦਾ ਬੇਟਾ ਸ: ਗੁਰਨਾਮ ਸਿੰਘ ਹੈ, ਜੋ ਪਟਿਆਲਾ ਧਰਮਪੁਰਾ ਬਾਜ਼ਾਰ ਰਹਿ ਰਿਹਾ ਹੈ। ਇਹ ਇਕ ਰੋਜ਼ਾਨਾ ਅਖਬਾਰ ਕੱਢ ਰਹੇ ਹਨ ਜਿਸ ਦਾ ਨਾਮ ਹੈ ਆਸ਼ਿਆਨਾ। ਇਸ ਦੇ ਇਹ ਐਡੀਟਰ ਹਨ। ਇਹਨਾਂ ਤੋਂ ਛੋਟੀ ਬੇਟੀ ਹੈ ਸਰਬਜੀਤ ਕੌਰ, ਜੋ ਕਿ ਪਿੰਡ ਮੁਰਾਦਪੁਰ ਰਾਜਪੁਰਾ, ਪਟਿਆਲਾ ਰੋਡ ਤੇ ਹੈ, ਉਥੇ ਰਹਿ ਰਹੀ ਹੈ। ਇਸ ਤੋਂ ਛੋਟੇ ਹਨ ਰਾਜਿੰਦਰ ਸਿੰਘ ਰਾਜੂ ਇਹਨਾਂ ਦੀ ਪਟਿਆਲੇ ਵਿਚ ਕਰਿਆਨੇ ਦੀ ਦੁਕਾਨ ਹੈ। ਇਹਨਾਂ ਤੋਂ ਛੋਟੀ ਪੰਛੀ ਜੀ ਦੀ ਸਭ ਤੋਂ ਛੋਟੀ ਬੇਟੀ ਕੁੱਕੀ ਹੈ, ਜੋ ਕਿ ਲੁਧਿਆਣਾ ਵਿਖੇ ਸਮਰਾਲਾ ਚੌਂਕ ਦੇ ਕੋਲ ਰਹਿੰਦੀ ਹੈ ਅਤੇ ਪੰਛੀ ਜੀ ਦਾ ਤੋਂ ਛੋਟਾ ਬੇਟਾ ਰਵਿੰਦਰ ਸਿੰਘ ਲਾਡੀ ਇਹ ਵੀ ਲੁਧਿਆਣੇ ਵਿਖੇ ਰਾਹੋਂ ਰੋਡ ’ਤੇ ਰਹਿੰਦਾ ਹੈ।

ਭਾਈ ਮਾਨ ਸਿੰਘ ਪੰਛੀ ਜੀ, ਸੁਭਾਅ ਤੋਂ ਬਹੁਤ ਹੀ ਖੁਸ਼ ਮਿਜ਼ਾਜ ਇਨਸਾਨ ਸਨ, ਹਰ ਵਕਤ ਖੁਸ਼ ਰਹਿਣਾ ਅਤੇ ਸਾਥੀਆਂ ਨੂੰ ਵੀ ਖੁਸ਼ ਰੱਖਣਾ। ਹਰ ਕਿਸੇ ਨੂੰ ਖੁਸ਼ ਹੋ ਕੇ ਮਿਲਣਾ, ਇਹੀ ਕਾਰਨ ਸੀ, ਪੰਛੀ ਜੀ ਦੇ ਸੁਭਾਅ ਤੋਂ ਹਰ ਇਨਸਾਨ ਪ੍ਰਭਾਵਤ ਹੁੰਦਾ ਸੀ। ਗੁਰਦੁਆਰਾ ਪ੍ਰਬੰਧਕਾਂ ਤੋਂ ਲੈ ਕੇ ਬੱਚੇ ਅਤੇ ਬੱਚੀਆਂ, ਜਵਾਨ, ਔਰਤਾਂ, ਮਰਦ, ਬਜ਼ੁਰਗਾਂ ਤਕ ਸਭ ਉਹਨਾਂ ਦੇ ਜੀਵਨ ਤੋਂ ਪ੍ਰਭਾਵਤ ਹੁੰਦੇ ਸਨ। ਪੰਛੀ ਜੀ ਦੇ ਬੱਚੇ ਵੀ ਅੱਗੇ ਬੜੇ ਮਿਲਾਪੜੇ ਹਨ। ਸਾਰੇ ਹੀ ਖੁਸ਼ ਮਿਜ਼ਾਜ। ਪੰਛੀ ਜੀ ਦੀ ਖੁਸ਼ ਤਬੀਅਤ ਸਦਕਾ ਹੀ ਦਾਸ ਨੇ ਜਿਤਨਾ ਸਮਾਂ ਉਹਨਾਂ ਦੇ ਨਾਲ ਗੁਜ਼ਾਰਿਆ, ਉਹ ਮੇਰੇ ਜੀਵਨ ਦੇ ਸੁਨਿਹਰੀ ਪਲ ਹਨ ਅਤੇ ਮੇਰੀ ਅਭੁੱਲ ਯਾਦ ਹੈ। ਉਹ ਮੇਰੇ ਜੀਵਨ ਦੇ ਸੁਨਿਹਰੀ ਦਿਨ ਸਨ। ਜਿਹਨਾਂ ਦਿਨਾਂ ਵਿਚ ਮੈਂ ਉਹਨਾਂ ਨਾਲ ਰਹਿ ਕੇ ਆਪਣੇ ਜੀਵਨ ਦੀ ਬਹੁਤ ਤਰੱਕੀ ਕੀਤੀ। ਸੱਜਣੋ। ਇਹੀ ਅਸਲੀ ਜ਼ਿੰਦਗੀ ਹੈ ਕਿ ਮਰਨ ਤੋਂ ਬਾਅਦ ਵੀ ਲੋਕ ਯਾਦ ਰੱਖਣ। ਰਾਗੀ ਤਾਂ ਮੈਂ ਬੜੇ ਦੇਖੇ ਹਨ, ਪਰ ਐਸਾ ਕੋਈ ਨਹੀਂ ਦੇਖਿਆ ਜਿਹੜਾ ਸਭ ਦੇ ਹਿਰਦੇ ਵਿਚ ਉਕਰਿਆ ਹੋਵੇ, ਸਾਨੂੰ ਥੋੜ੍ਹਾ ਜਿਹਾ ਗੁਣ ਆ ਜਾਵੇ ਤਾਂ ਇਤਨੇ ਹੰਕਾਰ ਨਾਲ ਭਰ ਜਾਂਦੇ ਹਨ ਕਿ ਦੂਜੇ ਨੂੰ ਸਮਝਦੇ ਹੀ ਨਹੀਂ। ਹਰ ਵੇਲੇ ਗੁਣ ਦੇ ਹੰਕਾਰ ਵਿਚ ਫੂੰ ਫੂੰ ਕਰਦੇ ਫਿਰਦੇ ਹਾਂ, ਪਰ ਸੱਚ ਜਾਣੋ ਜੋ ਹਰ ਮਨੁੱਖ ਨਾਲ ਹੱਸ ਕੇ ਬੋਲੇ ਤੇ ਮਿੱਠਾ ਬੋਲੇ, ਉਹੀ ਬੰਦਾ ਲੋਕਾਂ ਨੂੰ ਯਾਦ ਰਹਿੰਦਾ ਹੈ।

425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ-141007, ਫੋਨ : 9780708747

**IF YOU WANT TO DONATE**

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302. FIC code State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਗੁਰਮਤਿ ਸੰਗੀਤ ਅਤੇ ਭਾਰਤੀ ਕੀਰਤਨ ਪਰੰਪਰਾਵਾਂ ਦਾ ਤੁਲਨਾਤਮਕ ਅਧਿਐਨ

ਡਾ.ਵਰਿੰਦਰ ਕੌਰ

ਗੁਰਮਤਿ ਸੰਗੀਤ ਦੇ ਸੰਦਰਭ ਵਿੱਚ ਸ਼ਬਦ ਕੀਰਤਨ ਪਰੰਪਰਾ ਦਾ ਇੱਕ ਨਿਸ਼ਚਿਤ ਤੇ ਮੌਲਿਕ ਸਰੂਪ ਉਜਾਗਰ ਹੁੰਦਾ ਹੈ। ਸ਼ਬਦ ਕੀਰਤਨ ਸਿੱਖ ਧਰਮ ਦੀ ਕੀਰਤਨ ਵਿਧੀ ਹੈ। ਇਸ ਕੀਰਤਨ ਵਿਧੀ ਦੇ ਸਿਧਾਂਤਕ, ਇਤਿਹਾਸਕ ਤੇ ਵਿਵਹਾਰਿਕ ਸਰੂਪ ਦੀ ਇੱਕ ਵਿਸ਼ਾਲ ਪਿੱਠ ਭੂਮੀ ਹੈ। ਇਸ ਪਿੱਠ ਭੂਮੀ ਉੱਤੇ ਭਿੰਨ-ਭਿੰਨ ਧਾਰਮਿਕ ਪਰੰਪਰਾਵਾਂ ਅਤੇ ਪ੍ਰਚਲਿਤ ਭਿੰਨ-ਭਿੰਨ ਸੰਪਰਦਾਵਾਂ ਦੁਆਰਾ ਆਪੋ ਆਪਣੇ ਇਸ਼ਟ ਦੀ ਅਰਾਧਨਾ ਲਈ ਜੋ ਸੰਗੀਤ ਵਿਧੀ ਵਿਧਾਨ ਪ੍ਰਯੋਗ ਕੀਤਾ ਗਿਆ ਉਹ ਵੱਖ-ਵੱਖ ਕੀਰਤਨ ਪਰੰਪਰਾ ਵਜੋਂ ਵਿਦਮਾਨ ਹੈ। ਸਮੁੱਚੇ ਭਾਰਤੀ ਅਧਿਆਤਮ ਪਰੰਪਰਾ ਦੇ ਸਬੰਧ ਵਿੱਚ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਦੀਆਂ ਕੀਰਤਨ ਪਰੰਪਰਾਵਾਂ ਨਾਲ ਤੁਲਨਾਤਮਕ ਅਧਿਐਨ ਜ਼ਰੂਰੀ ਹੈ ਤਾਂ ਜੋ ਇਹ ਜਾਣਿਆ ਜਾ ਸਕੇ ਕਿ ਗੁਰਮਤਿ ਸੰਗੀਤ ਇਨ੍ਹਾਂ ਪਰੰਪਰਾਵਾਂ ਤੋਂ ਆਪਣੀ ਮੌਲਿਕ ਤੇ ਸੁਤੰਤਰ ਪਛਾਣ ਕਿਵੇਂ ਰੱਖਦੀ ਹੈ।

(1) ਸੰਗੀਤ ਪ੍ਰਬੰਧ ਪੱਖੋਂ (Musicological System) ਗੁਰਮਤਿ ਸੰਗੀਤ ਦਾ ਭਾਰਤੀ ਕੀਰਤਨ ਪਰੰਪਰਾਵਾਂ ਨਾਲ ਤੁਲਨਾਤਮਕ ਅਧਿਐਨ:

ਮੁੱਖ ਰੂਪ ਨਾਲ ਗੁਰਮਤਿ ਸੰਗੀਤ ਦੇ ਸੰਗੀਤ ਪ੍ਰਬੰਧ ਦਾ ਪ੍ਰਮੁੱਖ ਦੇ ਮਹੱਤਵਪੂਰਣ ਤੱਤ ਰਾਗ ਹੈ। ਜਿਸਦੇ ਅੰਤਰਗਤ ਸਾਰੀ ਬਾਣੀ ਦਾ ਵਰਗੀਕਰਨ ਅਤੇ ਅੰਕਣ ਕੀਤਾ ਗਿਆ ਹੈ। ਜਿਸਦੇ ਫਲਸਵਰੂਪ ਰਾਗਾਂ ਵਿੱਚ ਸ਼ਬਦ ਗਾਇਨ ਪ੍ਰਥਾ ਨੂੰ ਇੱਕ ਪੱਧਤੀ ਵਜੋਂ ਸਥਾਪਤ ਕੀਤਾ ਗਿਆ। ਮੂਲ ਰੂਪ ਨਾਲ ਸਾਰੀ ਬਾਣੀ 31 ਰਾਗ ਅਤੇ 31 ਰਾਗ ਪ੍ਰਕਾਰਾਂ ਵਿੱਚ ਹੈ। ਜੋ ਕਿ ਸੰਕੀਰਣ, ਮੌਸਮੀ, ਦੱਖਣੀ ਰਾਗਾਂ ਦੇ ਵਰਗਾਂ ਵਿਚ ਆਉਂਦੇ ਹਨ। ਇਸ ਤੋਂ ਇਲਾਵਾ ਰਾਗ ਦੀ ਚੋਣ, ਬਾਣੀ ਦੀ ਪ੍ਰਕਿਰਤੀ ਭਾਵ ਦੇ ਅਨੁਸਾਰ ਅਤੇ ਰਾਗ ਦਾ ਪ੍ਰਯੋਗ ਸਨਾਤਨੀ ਅਤੇ ਦੇਸੀ ਅੰਗ ਦੇ ਮੁਤਾਬਿਕ ਹੀ ਉਪਯੁਕਤ ਹੋਏ ਹਨ। ਇਸ ਤੋਂ ਇਲਾਵਾ, ਗੁਰਮਤਿ ਸੰਗੀਤ ਦੇ ਸੰਗੀਤ ਪ੍ਰਬੰਧ ਵਿੱਚ ਵਰਤੀਂਦੇ ਰਾਗ, ਉਨ੍ਹਾਂ ਦਾ ਮਹੱਤਵ, ਪ੍ਰਯੋਗ, ਉਲੇਖ ਗੁਰਮਤਿ ਅਨੁਸਾਰ ਹੈ।

ਇਸ ਦੀ ਤੁਲਨਾ ਵਿੱਚ ਭਾਰਤੀ ਕੀਰਤਨ ਪਰੰਪਰਾਵਾਂ ਵਿੱਚ ਵਰਕਰੀ ਵੱਲਭ, ਰਾਧਾ ਵਲਭੀ ਤੇ ਸਖੀ ਪ੍ਰਥਾ ਵਿੱਚ ਰਚਨਾਵਾਂ ਨੂੰ ਰਾਗਾਂ ਅਧੀਨ ਗਾਉਣ ਦੀ ਪ੍ਰਥਾ ਵਿਦਮਾਨ ਰਹੀ ਹੈ। ਪਰ ਸਮੁੱਚੀ ਬਾਣੀ ਨੂੰ ਕਿਸੇ ਰਾਗ ਵਿਧਾਨ ਅਧੀਨ ਵਰਗੀਕ੍ਰਿਤ ਕਰਨਾ ਗੁਰਮਤਿ ਸੰਗੀਤ ਦੀ ਮੌਲਿਕਤਾ ਰਹੀ ਹੈ।

ਗਾਇਨ ਸ਼ੈਲੀਆਂ ਦੇ ਪੱਖੋਂ ਗੁਰਮਤਿ ਸੰਗੀਤ ਦੇ ਅੰਤਰਗਤ ਗੁਰਬਾਣੀ ਦੀ ਪ੍ਰਸਤੁਤੀ ਲਈ ਵੱਖ-ਵੱਖ ਕੀਰਤਨ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰਮਤਿ ਸੰਗੀਤ ਵਿੱਚ ਸ਼ਾਸਤਰੀ ਤੇ ਲੋਕ ਗਾਇਨ ਨੂੰ ਅੰਗ ਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ ਜਿਸਦੇ ਅੰਤਰਗਤ ਸ਼ਾਸਤਰੀ ਗਾਇਨ ਦੀ ਕੱਟੜਤਾ ਨੂੰ ਸਹਿਜਤਾ ਅਤੇ ਲੋਕ ਗਾਇਨ ਦੀ ਆਪ ਮੁਹਾਰੀ ਖੁਲ ਨੂੰ ਅਨੁਸ਼ਾਸਿਤ ਕਰਨਾ ਹੈ। ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਤਾਂ ਭਾਵੇਂ ਕਾਵਿਕ ਰੂਪ ਨਾਲ ਸਿਰਲੇਖ ਰੂਪ ਵਿਚ ਅੰਕਿਤ ਹਨ ਪਰੰਤੂ ਸ਼ਾਸਤਰੀ ਅੰਗ ਦੀਆਂ ਗਾਇਨ ਸ਼੍ਰੇਣੀਆਂ ਭਾਰਤੀ

ਸੰਗੀਤ ਵਿੱਚ ਆਪਣੀ ਮੌਲਿਕਤਾ ਵਿਚ ਹਨ ਪਰੰਤੂਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਵਾਲੇ ਆਦੇਸਿਤ ਸੰਗੀਤਕ ਸੰਕੇਤਕਾਂ ਨਾਲ ਬੰਨ ਕੇ ਗੁਰਮਤਿ ਅਨੁਸਾਰੀ ਬਣਾਇਆ ਗਿਆ ਹੈ। ਇਸ ਦੇ ਅੰਤਰਗਤ ਸ਼ਾਸਤਰੀ ਅੰਗ ਦੇ ਗਾਇਨ ਰੂਪਾਂ ਵਿੱਚ ਸ਼ਾਸਤਰੀ ਸੰਗੀਤ ਦੀ ਕੱਟੜਤਾ ਨੂੰ ਸਹਿਜ ਅਤੇ ਲੋਕ ਅੰਗ ਦੇ ਗਾਇਨ ਰੂਪਾਂ ਵਿੱਚ ਲੋਕ ਸੰਗੀਤ ਦੀ ਖੁਲ ਅਤੇ ਸੁਤੰਤਰਤਾ ਨੂੰ ਗੁਰਮਤਿ ਦੀ ਕੀਰਤਨ ਮਰਿਯਾਦਾ ਦਾ ਧਾਰਣੀ ਬਣਾਇਆ ਜਾਂਦਾ ਹੈ।

ਇਸਦੇ ਤੁਲਨਾ ਵਿੱਚ ਦੂਜੀਆਂ ਕੀਰਤਨ ਪਰੰਪਰਾਵਾਂ ਨੂੰ ਵਾਚੀਏ ਤਾਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸਮੁੱਚੀ ਭਾਰਤੀ ਕੀਰਤਨ ਪਰੰਪਰਾਵਾਂ ਵਿੱਚ ਸ਼ਾਸਤਰੀ ਤੇ ਲੋਕ ਗਾਇਨ ਰੂਪਾਂ ਦਾ ਪ੍ਰਯੋਗ ਵਿਵਹਾਰ ਵਿੱਚੋਂ ਪ੍ਰਚਲਿਤ ਤੇ ਵਿਕਸਤ ਹੋਇਆ ਹੈ। ਇਸ ਦੇ ਅੰਤਰਗਤ ਨਿੰਬਾਰਕ ਸੰਪਰਦਾ ਵਿੱਚ ਉਪਾਸਨਾ ਵਿਧੀ ਵਿੱਚ ਧਰੁਪਦ ਸ਼੍ਰੇਣੀ ਤੇ ਉਨ੍ਹਾਂ ਦੀਆਂ ਆਪਣੀਆਂ ਪਰੰਪਰਿਕ ਧੁਨ ਵਿੱਚ ਕੀਰਤਨ ਹੁੰਦਾ ਸੀ। ਹਵੇਲੀ ਸੰਗੀਤ ਦਾ ਕੀਰਤਨ ਧੁਰਪਦ ਧਮਾਰ ਯੁਕਤ ਹੈ ਇਸ ਤੋਂ ਇਲਾਵਾ ਜਾਚਰ, ਹੋਰੀ, ਰਸੀਆਂ ਅਤੇ ਅਸ਼ਟਪਦੀਯ ਪ੍ਰਬੰਧ ਆਦਿ ਪ੍ਰਚਾਰ ਵਿੱਚ ਸਨ। ਦੇਸੀ ਗੀਤਾਂ ਵਿੱਚ ਰਾਸ, ਰਸੀਲਾ, ਧਣਕਗੀਤ, ਆਉਂਦੇ ਸੀ। ਧੁਰਪਦ ਗੋਬਰਹਾਰੀ ਬਾਣੀ ਵਿਚ ਗਾਉਣ ਦੀ ਰੀਤ ਹੈ। ਰੁੱਤਾਂ ਅਤੇ ਤਿਉਹਾਰਾਂ ਸਮੇਂ ਹੋਰੀ ਹਿੰਡੋਲਨਾ ਅਤੇ ਬਸੰਤ ਆਉਂਦੇ ਹਨ। ਚੈਤਨਯ ਸੰਪਰਦਾ ਦੀ ਕੀਰਤਨ ਪਰੰਪਰਾ ਵਿੱਚ ਸੰਕੀਰਤਨ ਨੂੰ ਮਹੱਤਵ ਸੀ ਜਿਸਦੇ ਅੰਤਰਗਤ ਲੀਲਾਗਾਨ, ਨਰਿਤ ਦੇ ਨਾਲ ਕੀਰਤਨ ਲੋਕ ਅੰਗ ਤੋਂ ਕੀਤਾ ਜਾਂਦਾ ਸੀ ਇਸਤੋਂ ਇਲਾਵਾ ਸੰਕੀਰਤਨ ਕਈ ਰੂਪਾਂ ਵਿੱਚ ਵਿਚਰਨ ਲੱਗਾ ਜਿਵੇਂ-ਨਾਮ ਕੀਰਤਨ, ਲੀਲਾ ਕੀਰਤਨ, ਨਗਰ ਕੀਰਤਨ, ਪਦਾਵਲੀ ਕੀਰਤਨ ਇਸ ਵਿਚ ਵਿਸ਼ੇਸ਼ ਕਰਕੇ ਪਦ ਰਚਨਾਵਾਂ ਨੂੰ ਪ੍ਰਬੰਧ ਰੂਪ ਵਿੱਚ ਗਾਇਆ ਜਾਂਦਾ ਸੀ ਸਪਤਾਹਿਕ ਕੀਰਤਨ, ਅਖੰਡ ਕੀਰਤਨ ਪ੍ਰਦਰਸ਼ਿਤ ਸੀ। ਰਾਧਾ ਵੱਲਭੀ ਸੰਪਰਦਾ ਵਿਚ ਪਦ ਰਚਨਾਵਾਂ ਵਿਚ ਧਰੁਪਦ ਦੇ ਰਾਸ ਨਾਲ ਸਬੰਧਤ ਨਾਚ ਦਾ ਉਲੇਖ ਵੀ ਮਿਲਦਾ ਹੈ।

1. ਸਿਆਮਾ ਸਿਆਮ ਰਿਝਾਵਤ ਭਾਰੀ.........
   ਦੋਹ-ਛੰਦ, ਧੁਰਪਦ ਜਸ ਹਰੀ ਕੋ ਹਰਿ ਹੀ ਗਾਈਸੁਨਾਵਤਿ।
   ਛੰਦ-ਧਰੁਵਨਿ ਦੇ ਭੇਦ ਅਪਾਰਾ ਨਾਚਤਿ ਕੁੰਵਰਿ ਮਿਲੇ ਝਪਤਾਲ।
2. ਅਭੀਨਯ ਨਿਪੁੰਨ ਲਟਕਿ ''ਨੋਚਨ ਭਕੁਟਿ ਅਨੰਗ ਨਚਾਇਉ।
   ਤਤਾ ਥੇਈ ਤਾਂ ਧੇਈ ਧਰਤਿ ਨੋਤਨ ਗਤਿ ਪਤਿ ਬ੍ਰਜ ਰਾਜ ਰਿਝਵਾਉ।

ਸਖੀ ਸੰਪਰਦਾ ਵਿੱਚ ਕੀਰਤਨ ਆਧੁਨਿਕ ਸਮੇਂ ਦੇ ਧੁਰਪਦ ਗਾਇਨ ਦੇ ਸਮਾਨ ਸੀ। ਸੰਖੇਪ ਵਿਚ ਭਾਰਤੀ ਕੀਰਤਨ ਪਰੰਪਰਾਵਾਂ ਵਿੱਚੋਂ ਕੀਰਤਨ ਸ਼ੈਲੀ ਧੁਰਪਦ, ਧਮਾਰ, ਰਾਸ ਲੀਲਾਵਾਂ ਤੇ ਕਈ ਪ੍ਰਕਾਰ ਦੀਆਂ ਪਰੰਪਾਰਿਕ ਧੁਨਾਂ ਤੇ ਆਧਾਰਿਤ ਸੀ। ਪਰ ਇਨ੍ਹਾਂ ਦੀ ਹੋਂਦ ਵਿਵਹਾਰ ਵਿਚੋਂ ਹੋਣ ਕਰਕੇ ਸਮੇਂ ਦੇ ਨਾਲ ਇਸ ਵਿੱਚ ਸਮੇਂ-ਸਮੇਂ ਨਾਲ ਕਈ ਪ੍ਰੀਵਰਤਨ ਆਏ ਹਨ ਜਿਸ ਕਰਕੇ ਆਮ ਤੌਰ ਤੇ ਇਨ੍ਹਾਂ ਕੀਤਰਨ ਪਰੰਪਰਾਵਾਂ ਵਿਚ ਕੀਤਰਨ ਸੁਗਮ ਧੁਨਾਂ ਤੇ ਫ਼ਿਲਮੀ ਤਰਜ ਪ੍ਰਧਾਨ ਬਹੁਤੇ ਲੋਕ ਧੁਨਾਂ ਤੇ ਆਧਾਰਿਤ ਹੋ ਗਿਆ ਹੈ।

ਕੀਰਤਨ ਪਰੰਪਰਾਵਾਂ ਦੇ ਤੁਲਨਾਤਮਕ ਅਧਿਐਨ ਤਹਿਤ ਗੁਰਮਤਿ ਸੰਗੀਤ ਦੇ ਪ੍ਰਯੁਕਤ ਸੰਗੀਤਕ ਸੰਕੇਤਾਂ ਦੇ ਆਧਾਰ ਤੇ ਸ਼ਬਦਾਂ ਦੀ ਕੀਰਤਨ ਪ੍ਰਕਿਰਿਆ ਨੂੰ ਗ੍ਰਹਿਣ ਕਰਦੇ ਹਾਂ ਅਤੇ ਸ਼ਬਦ ਕੀਰਤਨ ਪ੍ਰਸਤੁਤ ਕਰਦੇ ਹਾਂ ਜੋ ਕਿ ਇਕ ਨਿਸ਼ਚਿਤ ਵਿਵਹਾਰਿਕ ਸੰਗੀਤ ਵਿਧਾਨ ਪ੍ਰਗਟ ਹੁੰਦਾ ਹੈ। ਇਨ੍ਹਾਂ ਵਿੱਚ ਰਹਾਓ ਅੰਕ, ਘਰ ਆਦਿ। ਇਹ ਰਹਾਓ, ਆਦਿ ਗ੍ਰੰਥ ਦੀਆਂ ਰਚਨਾਵਾਂ ਵਿਚ ਪਾਇਆ ਜਾਣ ਵਾਲਾ ਇਕ ਸੰਗੀਤਕ ਸੰਕੇਤ ਹੈ। ਸੰਗੀਤਕ ਦ੍ਰਿਸ਼ਟੀ ਤੋਂ ਰਹਾਓ ਆਦਿ ਗ੍ਰੰਥ ਦੀਆਂ ਰਚਨਾਵਾਂ ਵਿਚ ਪਾਇਆ ਜਾਣ ਵਾਲਾ ਇਕ ਸੰਗੀਤਕ ਸੰਕੇਤ ਹੈ। ਸੰਗੀਤਕ ਦ੍ਰਿਸ਼ਟੀ ਤੋਂ ਰਹਾਉ ਨੂੰ ਸਥਾਈ ਦੇ ਅਨੁਰੂਪ ਮੰਨਿਆ ਜਾਂਦਾ ਹੈ। ਸ਼ਬਦ ਵਿੱਚ ਵਰਤੇ ਅੰਕ ਸ਼ਬਦ ਨੂੰ ਅੰਤਰਿਆਂ ਦਾ ਸੂਚਕ ਮੰਨਿਆ ਜਾਂਦਾ ਹੈ। ਹੋਰ ਸੰਗੀਤਕ ਸੰਕੇਤਾਂ ਵਿੱਚ ਘਰ ਸ਼ਬਦ ਰਚਨਾ ਦੇ ਉਪਰ ਸਿਰਲੇਖ ਰੂਪ ਵਜੋਂ ਦਰਜ਼ ਹੈ ਇਸ ਦਰ ਦਾ ਅਰਥ ਤਾਲ ਤੋਂ ਲਿਆ ਜਾਂਦਾ ਹੈ। ਇਸ ਪ੍ਰਕਾਰ ਜਤਿ ਸ਼ਬਦ ਵੀ ਸੰਗੀਤਕ ਸੰਕੇਤ ਮਾਤਰ ਪ੍ਰਯੋਗ ਕੀਤਾ ਗਿਆ ਹੈ। ਜਿਸ ਦਾ ਸੰਬੰਧ ਜੋੜੀ (ਤਬਲਾ) ਵਜਾਉਣ ਦੀ ਗਤ ਨਾਲ ਹੈ। ਕਈ ਵਾਰਾਂ ਤੇ ਧੁਨੀਆਂ ਦਾ ਸਿਰਲੇਖ ਵੀ ਹੈ ਜਿਸ ਤੋਂ ਗਾਉਣ ਦੀ ਧਾਰਨਾ ਹੈ, ਜੋ ਕਿ ਗੁਰਮਤਿ ਸੰਗੀਤ ਫਿਰ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦੇ ਸੁਮੇਲ ਦਾ ਪ੍ਰਤੱਖ ਨਮੂਨਾ ਹੈ। ਗੁਰਮਤਿ ਸੰਗੀਤ ਦੀ ਸੰਗੀਤ ਪ੍ਰਥਾ ਵਿਚ ਰਾਗ, ਗਾਇਨ, ਰੂਪ

ਅਤੇ ਸੰਗੀਤਕ ਸੰਕੇਤ ਸ਼ਬਦ ਦੀ ਪੇਸ਼ਕਾਰੀ ਲਈ ਸਹਾਈ ਹੁੰਦੇ ਹਨ ਇਸ ਤੋਂ ਇਲਾਵਾ ਬਾਣੀ ਦੀ ਮੂਲ ਪ੍ਰਕਿਰਤੀ, ਸਿਧਾਂਤ ਤੇ ਸਰੂਪ ਨੂੰ ਪਹਿਚਾਨਣਾ ਵਿਚ ਸਹਾਇਕ ਸਿੱਧ ਹੁੰਦੀ ਹੈ।

ਇਸ ਦੀ ਤੁਲਨਾ ਵਿੱਚ ਭਾਰਤੀ ਕੀਰਤਨ ਪਰੰਪਰਾਵਾਂ ਵਿੱਚ ਵੱਲਭ ਕੀਰਤਨ ਦੀ ਸੰਪਰਦਾ ਦੀਆਂ ਰਚਨਾਵਾਂ ਵਿੱਚ ਕਈ ਜਗ੍ਹਾਂ ਰਹਾਓ ਦੀ ਵਰਤੋਂ ਕੀਤੀ ਗਈ ਹੈ ਜਿਸ ਦਾ ਅਰਥ ਟੇਕ ਤੋਂ ਲਿਆ ਜਾਂਦਾ ਹੈ। ਇਸ ਨੂੰ ਰਾਧਾ ਵੱਲਭੀ ਸੰਪਰਦਾ ਦੀਆਂ ਰਚਨਾਵਾਂ ਵਿੱਚ ਅੰਕ ਵਰਤੋਂ ਵਿੱਚ ਹੈ ਅਤੇ ਪ੍ਰਚੱਲਿਤ ਤਾਲ ਵਿਚ ਕੀਰਤਨ ਕੀਤਾ ਜਾਂਦਾ ਸੀ।

ਸੰਗੀਤਕ ਬੰਦਸ਼ਾਂ ਦੇ ਪੱਖੋਂ ਗੁਰਮਤਿ ਸੰਗੀਤ ਦਾ ਭਾਰਤੀ ਕੀਰਤਨ ਪਰੰਪਰਾਵਾਂ ਨਾਲ ਤੁਲਨਾਤਮਕ ਅਧਿਐਨ

ਗੁਰਮਤਿ ਸੰਗੀਤ ਗੁਰੂਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਗੁਰੂਸਾਹਿਬਾਨਾਂ ਦੇ ਜੀਵਨ ਕਾਲ ਵਿੱਚ ਵਿਵਹਾਰਿਕ ਰੂਪ ਵਿੱਚ ਪ੍ਰਚਲਿਤ ਰਿਹਾ। ਜਿਸ ਦੇ ਫਲਸਰੂਪ ਪੰਜ ਸੌ ਸਾਲ ਗੁਰਮਤਿ ਸੰਗੀਤ ਦੀ ਪਰੰਪਰਾ ਵਿੱਚ ਸ਼ਬਦ ਕੀਰਤਨ ਵਿਭਿੰਨ ਰੂਪ ਵਿਕਸਤ ਹੋਏ ਜਿਨ੍ਹਾਂ ਵਿੱਚੋਂ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਸੰਗੀਤ ਪ੍ਰਬੰਧ ਦੁਆਰਾ ਮਰਿਆਦਤ ਸ਼ਬਦ ਕੀਰਤਨ ਚੌਕੀ ਪਰੰਪਰਾ, ਪ੍ਰਚੱਲਿਤ ਰੀਤਾਂ ਧਾਰਨਾਵਾਂ ਅਤੇ ਲੋਕ ਅੰਗ ਆਧਾਰਿਤ ਕੀਰਤਨ ਪ੍ਰਥਾ ਦੀ ਪ੍ਰਮੁੱਖਤਾਵਾਂ, ਸੰਗੀਤ ਦੀ ਪਰੰਪਰਾ ਦਾ ਵਿਵਹਾਰਕ ਰੂਪ ਗੁਰੂਦਰਬਾਰਾਂ ਵਿੱਚ ਪ੍ਰਚੱਲਿਤ ਰਿਹਾ ਅਤੇ ਇਸਦੇ ਸਮਾਨੰਤਰ ਭਾਰਤੀ ਸੰਗੀਤ ਪਰੰਪਰਾ ਨਿਰਲੇਪ ਰਹਿੰਦਾ ਹੋਇਆ ਵਿਭਿੰਨ ਰਿਹਾ। ਜਿਸ ਨਾਲ ਗੁਰਮਤਿ ਸੰਗੀਤ ਸ਼ੁਧ ਮੌਲਿਕ ਸਰੂਪ ਦੀ ਪਰੰਪਰਾ ਪੀੜੀ ਦਰ ਪੀੜੀ ਦੇ ਪਰਿਵਰਤਨ ਵਿੱਚ ਰਿਹਾ ਅਤੇ ਜਿਸਨੇ ਆਪਣੇ ਸਥਾਪਿਤ ਰੂਪ ਗ੍ਰਹਿਣ ਕਰ ਲਿਆ ਇਸਦੇ ਸਮਾਨੰਤਰ ਹੀ ਭਾਰਤੀ ਸੰਗੀਤ ਪਰੰਪਰਾ ਵੀ ਗੁਰੂਸ਼ਿਸ਼ ਪਰੰਪਰਾ ਤੇ ਘਰਾਣੇ ਪਰੰਪਰਾ ਤਹਿਤ ਵਿਕਸਤ ਹੁੰਦੀ ਰਹੀ ਅਤੇ ਇਸਦੇ ਮੌਲਿਕ ਤੇ ਸ਼ੁੱਧ ਸਰੂਪ ਦੀ ਸੁਰੱਖਿਆ ਅਤੇ ਮੰਗਣ ਲਈ ਸਮੇਂ-ਸਮੇਂ ਸੰਗੀਤ ਵਿਦਵਾਨ ਨੇ ਸੁਚੇਤ ਰੂਪ ਵਿਚ ਕੁੱਝ ਉਪਰਾਲੇ ਆਰੰਭੇ ਜਿਸ ਵਿੱਚੋਂ ਭਾਰਤੀ ਸੰਗੀਤ ਅਧੀਨ ਸੰਗੀਤ ਰਚਨਾਵਾਂ ਦੀ ਸੁਰਖਿਅਤ ਸੰਭਾਲ ਦਾ ਕੰਮ ਸਭ ਤੋਂ ਪਹਿਲਾਂ 19ਵੀਂ ਸਦੀ ਦੇ ਉਤਰਾਧ ਵਿਚ ਪੰ: ਵਿਸ਼ਨੂੰ ਨਰਾਇਣ ਭਾਤਖੰਡੇ ਸਮੇਂ ਸ੍ਰੀ ਵਿਸ਼ਨੂ ਦਿਗੰਬਰ ਪਲੁਸਕਰ ਦੁਆਰਾ ਹੋਇਆ। ਜਿਸ ਨਾਲ ਭਾਰਤੀ ਸੰਗੀਤ ਬੰਦਸ਼ਾਂ ਨੂੰ ਇਕ ਪੁਸਤਕ ਦੇ ਰੂਪ ਵਿੱਚ ਸੰਭਾਲਨ ਲਈ ਕਾਰਜ ਕੀਤਾ, ਪਲੁਸਕਰ ਨੇ ਜਿਸਦੇ ਫਲਸਰੂਪ ਭਾਰਤ ਵਿੱਚ ਪੰਡਤ ਵਿਸ਼ਨੂੰ ਨਰਾਇਣ ਭਾਤਖੰਡੇ ਦੀ ਭਾਤਖੰਡੇ ਸੁਰਲਿਪੀ ਅਤੇ ਪੰਡਤ ਵਿਸ਼ਨੂੰ ਦਿਗੰਬਰ ਪਲੁਸਕਰ ਨੇ ਪਲੁਸਕਰ ਸੁਰਲਿਪੀ ਪ੍ਰਚਲਿਤ ਕੀਤੀ। ਇਸ ਵਿਚੋਂ ਵਰਤਮਾਨ ਸਮੇਂ ਭਾਤਖੰਡੇ ਸੁਰਲਿਪੀ ਹੀ ਵਧੇਰੇ ਪ੍ਰਚਲਿਤ ਹੈ। ਗੁਰਮਤਿ ਸੰਗੀਤ ਦੇ ਪੈਰੋਕਾਰ ਵਿਦਵਾਨਾਂ ਨੇ ਵੀ ਆਪਣੇ ਸੰਗੀਤਕ ਵਿਰਸੇ ਨੂੰ ਸੰਭਾਲਨ ਦੇ ਸਲਾਘਾਯੋਗ ਉਪਰਾਲੇ 21ਵੀਂ ਸਦੀ ਦੇ ਸ਼ੁਰੂਵਿਚ ਹੀ ਕਰਨੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਵਿੱਚੋਂ ਸਰਵ ਪ੍ਰਥਮ ਭਾਈ ਪ੍ਰੇਮ ਸਿੰਘ ਰਾਗੀ ਰਚਿਤ ਸੰਗੀਤ ਰਚਨਾਵਾਂ ਅਤੇ ਮਾਸਟਰ ਸੁੰਦਰ ਸਿੰਘ ਰਚਿਤ ਸੰਗੀਤ ਰਚਨਾਵਾਂ ਉਨ੍ਹਾਂ ਦੀਆਂ ਪੁਸਤਕਾਂ ਕਮਿਕ ਗੁਰਮਤਿ ਸੰਗੀਤ ਭੰਡਾਰ ਅਤੇ ਗੁਰਮਤਿ ਸੰਗੀਤ ਹਨ। ਇਨ੍ਹਾਂ ਵਰਤਮਾਨ ਭਾਤਖੰਡੇ ਸੁਰਲਿਪੀ ਤੋਂ ਭਿੰਨ ਹੈ ਜਿਸਨੂੰ ਸਮਝਣਾ ਕੁੱਝ ਮੁਸ਼ਕਿਲ ਹੈ ਪਰੰਤੂ ਪ੍ਰੋ: ਗਿਆਨ ਸਿੰਘ ਐਬਟਾਬਾਦ, ਸੰਤ ਸਰਵਣ ਸਿੰਘ ਸੰਧਰਵ, ਭਾਈ ਅਵਤਾਰ ਸਿੰਘ ਗੁਰਚਨ ਸਿੰਘ ਪ੍ਰੋ: ਤਾਰਾ ਸਿੰਘ, ਭਾਈ ਉਤਮ ਸਿੰਘ, ਪ੍ਰਿ. ਪਰਮਜੋਤ ਸਿੰਘ, ਡਾ. ਜਾਗੀਰ ਸਿੰਘ, ਡਾ. ਗੁਰਨਾਮ ਸਿੰਘ ਆਦਿ ਦੇ ਇਸ ਸੰਬੰਧ ਵਿੱਚ ਕੀਤੇ ਗਏ ਕਾਰਜ ਸਲਾਘਾਯੋਗ ਹਨ ਅਤੇ ਸੰਗੀਤਕ ਰਚਨਾਵਾਂ ਨੂੰ ਸੁਰਲਿਪੀ ਕਰਨ ਦਾ ਇਹ ਕੰਮ ਨਿਰੰਤਰ ਰਚ ਰਹੇ ਹਨ। ਇਸਦੇ ਇਲਾਵਾ ਗੁਰਮਤਿ ਸੰਗੀਤ ਅਧੀਨ ਸ਼ਬਦ ਕੀਰਤਨ ਦੀਆਂ ਰਚਨਾਵਾਂ ਨੂੰ ਮੈਗਜ਼ੀਨਾਂ ਵਿੱਚ ਨਵੇਂ ਰਚਨਾਵਕਾਰਾਂ ਵੱਲੋਂ ਛਪਵਾਇਆ ਜਾ ਰਿਹਾ ਹੈ।

ਗੁਰਮਤਿ ਸੰਗੀਤ ਦੀਆਂ ਸੰਗੀਤ ਰਚਨਾਵਾਂ ਅਤੇ ਭਾਰਤੀ ਕੀਰਤਨ ਪਰੰਪਰਾਵਾਂ ਦੀਆਂ ਸੰਗੀਤ ਰਚਨਾਵਾਂ ਦਾ ਤੁਲਨਾਤਮਕ ਸਰਵੇਖਣ ਤੋਂ ਪਤਾ ਚਲਦਾ ਹੈ ਕਿ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪ੍ਰਸਤੁਤ ਲਈ ਰਚਨਾਵਾਂ ਨੂੰ ਇਕ ਨਿਸ਼ਚਿਤ ਵਿਧੀ ਵਿਧਾਨ ਅਨੁਸਾਰ ਸੰਕਲਿਤ ਕੀਤਾ ਗਿਆ ਹੈ, ਕਿਉਂਕਿ ਇਨ੍ਹਾਂ ਦਾ ਨਿਸ਼ਚਿਤ ਮੌਲਿਕ ਆਧਾਰ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਇਸਦੇ ਇਲਾਵਾ ਸ਼ਬਦ ਦੇ ਸੰਗੀਤ ਦੀ ਨਿਸ਼ਚਿਤ ਮਰਿਆਦਾ ਦੀ ਉਲੰਘਣਾ ਸਿੱਖ ਧਰਮ ਵਿਚ ਅਪ੍ਰਵਾਨ ਹੈ। ਇਸ ਲਈ ਇਨ੍ਹਾਂ ਸ਼ਬਦ ਰਚਨਾਵਾਂ ਦਾ ਵਿਸ਼ਿਸ਼ਟ ਸਿਧਾਂਤਕਤਾ ਅਤੇ ਵਿਵਹਾਰਕਤਾ ਦੇ ਆਧਾਰ ਤੇ ਸਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸਦੀ ਤੁਲਨਾ ਵਿੱਚ

ਭਾਰਤੀ ਕੀਰਤਨ ਪਰੰਪਰਾਵਾਂ ਦੀਆਂ ਰਚਨਾਵਾਂ ਨੂੰ ਇਕ ਨਿਸ਼ਚਿਤ ਵਿਧੀ ਵਿਧਾਨ ਅਨੁਸਾਰ ਸੰਕਲਿਤ ਨਹੀਂ ਕੀਤਾ ਗਿਆ। ਇਨ੍ਹਾਂ ਪਰੰਪਰਾਵਾਂ ਵਿਚ ਰਚਨਾਵਾਂ ਦੇ ਸੰਗ੍ਰਹਿ ਗ੍ਰੰਥ ਰੂਪ ਵਿਚ ਹਨ ਅਤੇ ਇਨ੍ਹਾਂ ਦੇ ਰੂਪ ਵੀ ਅਲੱਗ-ਅਲੱਗ ਹਨ। ਇਹਨਾਂ ਸੰਪਰਦਾਵਾਂ ਦੇ ਧਰਮ ਗੁਰੂ ਵੱਖੋ ਵੱਖਰੇ ਹਨ। ਇਸ ਲਈ ਇਨ੍ਹਾਂ ਕੀਰਤਨ ਪਰੰਪਰਾਵਾਂ ਦੀਆਂ ਰਚਨਾਵਾਂ ਇਕ ਪ੍ਰਸਦਿਕ ਨਿਸ਼ਚਿਤ ਮਰਿਯਾਦਤ ਰੂਪ ਵਿੱਚ ਸੰਗ੍ਰਹਿਤ ਨਾ ਹੋ ਕੇ ਸਾਧਾਰਨ ਰਚਨਾਵਾਂ ਹਨ।

ਉਦਾਹਰਣ ਦੇ ਤੌਰ ਤੇ ਨਿੰਬਾਰਕ ਸੰਪਰਦਾ ਵਿੱਚ ਆਪਣੀ ਹੀ ਸੰਪਦਾ ਦੀ ਬਾਣੀ ਦਾ ਗਾਇਨ ਹੈ ਅਤੇ ਵਰਕਰੀ ਸੰਪਰਦਾ, ਵਲਭ ਸੰਪਰਦਾ, ਚੇਤਨਯ ਸੰਪਰਦਾ, ਰਾਧਾ ਵਲਭੀ ਸੰਪਰਦਾ, ਸਖੀ ਸੰਪਰਦਾ ਆਦਿ ਦੇ ਪ੍ਰਚਾਰਕਾਂ ਦੀਆਂ ਪਦ ਰਚਨਾਵਾਂ ਦਾ ਗਾਇਨ ਕੀਤਾ ਜਾਂਦਾ ਹੈ। ਅਲੱਗ-ਅਲੱਗ ਸੰਪਰਦਾਵਾਂ ਦੀਆਂ ਇਹ ਰਚਨਾਵਾਂ ਨਿਰਧਾਰਿਤ ਰੂਪ ਵਿੱਚ ਆਪਣੇ ਨਿਸ਼ਚਿਤ ਤੇ ਮੌਲਿਕ ਸਰੂਪ ਤੋਂ ਭਿੰਨ ਹਨ ਅਤੇ ਵਿਵਹਾਰ ਵਿੱਚੋਂ ਵਿਕਸਿਤ ਹੋਈਆਂ ਹਨ।

ਗੁਰਮਤਿ ਸੰਗੀਤ ਵਿੱਚ ਉਪਰੋਕਤ ਸੰਗੀਤ ਰਚਨਾਵਾਂ ਸ਼ਾਸਤਰੀ ਅੰਗ ਦੇ ਗਾਇਨ ਰੂਪ ਅਤੇ ਲੋਕ ਸੰਗੀਤਕ ਅੰਗ ਦੇ ਗਾਇਨ ਰੂਪ ਤੇ ਆਧਾਰਿਤ ਹਨ ਜਿਨ੍ਹਾ ਨੂੰ ਵੱਖ-ਵੱਖ ਸੰਗੀਤਕ ਸੰਕੇਤਾਂ ਵਿੱਚ ਬੰਨ ਕੇ ਗੁਰਮਤਿ ਦਾ ਅਨੁਸਾਰੀ ਬਣਾਇਆ ਗਿਆ ਹੈ। ਜਿੱਥੇ ਸ਼ਾਸਤਰੀ ਸੰਗੀਤ ਦੀ ਕਲਾਤਮਕਤਾ ਜਾਂ ਕਲਾ ਉਦੇਸ਼ ਨੂੰ ਗੁਰਮਤਿ ਦੇ ਅਧਿਆਤਮਕ ਉਦੇਸ਼ ਦਾ ਧਾਰਨੀ ਬਣਾਇਆ ਗਿਆ ਹੈ। ਉੱਥੇ ਲੋਕ ਸੰਗੀਤ ਦੀ ਖੁਲ ਤੇ ਸੁਤੰਤਰਤਾ ਨੂੰ ਗੁਰਮਤਿ ਦੀ ਕੀਰਤਨ ਮਰਿਯਾਦਾ ਦੇ ਬੰਧੇਜ਼ ਵਿੱਚ ਰੱਖਿਆ ਗਿਆ ਹੈ ਇਸ ਤਰ੍ਹਾਂ ਗੁਰਮਤਿ ਸੰਗੀਤ ਵਿੱਚਲੀਆਂ ਸੰਗੀਤ ਬੰਦਸ਼ਾਂ (ਰਚਨਾਵਾਂ) ਨੂੰ ਸੰਗੀਤਕ ਨਕਸ਼ ਦੀ ਬਜਾਏ ਗੁਰਮਤਿ ਅਨੁਸ਼ਾਸ਼ਨ ਭਾਵ ਗੁਰਮਤਿ ਸੰਗੀਤ ਦੀ ਕੀਰਤਨ ਮਰਿਯਾਦਾ ਦਾ ਧਾਰਨੀ ਬਣਾਇਆ ਜਾਂਦਾ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰਮਤਿ ਸੰਗੀਤ ਦੀਆਂ ਗਾਈਆਂ ਜਾਣ ਵਾਲੀਆਂ ਸ਼ਾਸਤਰੀਆਂ ਗਾਇਨ ਰੂਪਾਂ ਦੇ ਅੰਗ ਤੋਂ ਧਰੁਪਦ ਅੰਗ ਤੋਂ ਪਦ ਗਾਇਨ, ਰੂਪਾਂ ਦੇ ਅੰਗ ਤੋਂ ਦੁਪਦੇ ਚੌਪਦੇ ਅਤੇ ਪ੍ਰਬੰਧ ਅੰਗ ਤੋਂ ਅਸ਼ਟਪਦੀਆਂ ਆਦਿ ਉਪਲਬਧ ਹਨ ਇਨ੍ਹਾਂ ਤੋਂ ਇਲਾਵਾ ਗੁਰਮਤਿ ਸੰਗੀਤ ਦੀ ਮੌਲਿਕ ਸ਼ਾਸਤਰੀ ਅੰਗ ਤੋਂ ਗਾਈਆਂ ਜਾਣ ਵਾਲੀਆਂ ਪੜਤਾਲ ਦੀਆਂ ਬੰਦਸ਼ਾਂ ਵੀ ਵਿਸ਼ੇਸ਼ ਦ੍ਰਿਸ਼ਟੀਗੋਚਰ ਹਨ। ਇਸ ਤਰ੍ਹਾਂ ਲੋਕ ਸੰਗੀਤ ਗਾਇਨ ਰੂਪਾਂ ਦੇ ਅੰਗ ਤੋਂ ਅਲਾਹੁਣੀਆਂ, ਘੋੜੀਆਂ, ਲਾਵਾਂ, ਛੰਦ, ਵਾਰਾਂ, ਆਰਤੀ ਆਦਿ ਦੀਆਂ ਸ਼ਬਦ ਰਚਨਾਵਾਂ ਦੀਆਂ ਬੰਦਸ਼ਾਂ ਆਪਣੇ ਮੌਲਿਕ ਵਿਵਹਾਰ ਦੇ ਆਧਾਰ ਤੇ ਸਾਡੇ ਕੋਲ ਪ੍ਰਚਲਿਤ ਹਨ ਤੇ ਬੰਦਸ਼ਾਂ ਵਿੱਚ ਸੁਰੱਖਿਅਤ ਹਨ।

ਇਸੇ ਸੰਦਰਭ ਵਿੱਚ ਦੂਸਰੀਆਂ ਕੀਰਤਨ ਪਰੰਪਰਾਵਾਂ ਨੂੰ ਵਾਚੀਏ ਤਾਂ ਸਮੁੱਚੀ ਭਾਰਤੀ ਕੀਰਤਨ ਪਰੰਪਰਾਂ ਵਿੱਚ ਸ਼ਾਸਤਰੀ ਅਤੇ ਲੋਕ ਗਾਇਨ ਰੂਪਾਂ ਦਾ ਪ੍ਰਯੋਗ ਉਪਲਬਧ ਹੈ ਜੋ ਕਿ ਕ੍ਰਿਆਤਮਕ ਰੂਪ ਵਿਵਹਾਰ ਵਿੱਚੋਂ ਪ੍ਰਚਲਿਤ ਤੇ ਵਿਕਸਿਤ ਹੋਏ ਹਨ।

ਇਹ ਕੀਰਤਨ ਪਰੰਪਰਾਵਾਂ ਭਾਰਤੀ ਸੰਗੀਤ ਦੇ ਮੂੱਲ ਰੂਪ ਤੋਂ ਉਪਜੀਆਂ ਹੋਈਆਂ ਹੋਣ ਕਰਕੇ ਅਧਿਕਤਰ ਸ਼ਾਸਤਰੀ ਸੰਗੀਤ ਦੇ ਅੰਗ ਤੋਂ ਗਾਈਆਂ ਜਾਂਦੀਆਂ ਹਨ। ਜਿਵੇਂ ਨਿੰਬਾਰਕ ਸੰਪਰਦਾ ਵਿੱਚ ਕੀਰਤਨ ਦੀਆਂ ਬੰਦਸ਼ਾਂ ਦਾ ਆਰੰਭਿਕ ਅਲਾਪਾ ਤੇ ਦੋਹਾਂ ਅਨਿਬਧ ਢੰਗ ਨਾਲ ਅਤੇ ਇਸ ਪਰੰਪਰਾ ਵਿਚ ਪ੍ਰਚਲਿਤ ਸਮੱਜਾ ਗਾਨ, ਜੋ ਕਿ ਪਰੰਪਰਾਗਤ ਸ਼ਾਸਤਰੀ ਅੰਗ ਤੋਂ ਭਾਵ ਕਿ ਪ੍ਰਬੰਧ ਗਾਇਨ ਤੋਂ ਗਾਇਆ ਜਾਂਦਾ ਹੈ ਅਤੇ ਸੁਰਲਿਪੀਬੱਧ ਕੀਤਾ ਹੋਇਆ ਮਿਲਦਾ ਹੈ। ਇਸ ਤਰ੍ਹਾਂ ਵੱਲਭ ਸੰਪਰਦਾ ਦੀਆਂ ਕੀਰਤਨ ਬੰਦਸ਼ਾਂ ਵਿੱਚ ਮੰਗਲਾਚਰਨ ਅਨਿਬੰਧ ਢੰਗ ਨਾਲ ਆਰਤੀ ਪ੍ਰਬੰਧ ਗਾਇਨ ਤੋਂ ਅਤੇ ਪ੍ਰਮੁੱਖ ਕੀਰਤਨ ਸ਼੍ਰੇਣੀ ਅਪਟਯਾਮ ਕੀਰਤਨ ਸੈਲੀ। ਦੇ ਅੰਤਰਗਤ ਮੰਗਲਾਚਰਨ ਅਤੇ ਰਾਜਭੋਗ ਬਿਨਾਂ ਸਥਾਈ ਅੰਤਰੇ ਤੋਂ ਨਿਬੰਧ ਰਚਨਾ ਦੇ ਰੂਪ ਵਿੱਚ ਸੁਰਲਿਪੀ ਅਤੇ ਸਿੰਗਾਰ ਰਸ, ਉਤਥਾਨਾ, ਸੰਧਯਾ ਅਤੇ ਸੁਯਨ ਦੀਆਂ ਪਦਰਚਨਾਵਾਂ ਦੀਆਂ ਬੰਦਸ਼ਾਂ ਖਿਆਲ ਅੰਗ ਤੋਂ ਸੁਰਲਿਪੀ ਰਚਨਾਵਾਂ ਹਨ। ਇਸ ਤੋਂ ਇਲਾਵਾ ਝੂਲਾ ਉਤਸਵ ਦੀਪ ਉਤਸਵ, ਫਾਗ ਉਤਸਵ ਅਤੇ ਹੋਰੀ ਉਤਸਵ ਦੀਆਂ ਵਿਸ਼ੇਸ਼ ਕੀਰਤਨ ਰਚਨਾਵਾਂ ਪ੍ਰਬੰਧ ਅੰਗ ਤੋਂ ਬੰਦਸ਼ਾਂ ਦੇ ਰੂਪ ਵਿੱਚ ਸੁਰੱਖਿਅਤ ਹਨ। ਇਸੀ ਤਰ੍ਹਾਂ ਕ੍ਰਿਸਨ ਜਨਮ ਬਧਾਈ ਦੇ ਕੀਰਤਨ ਖਿਆਲ ਅੰਗ ਤੋਂ ਅਤੇ ਨਿਤਪ੍ਰਤੀ ਦੇ ਕੀਰਤਨ ਪ੍ਰਬੰਧ ਅੰਗ ਤੋਂ ਗਾਏ ਦੀ ਪ੍ਰਥਾ ਇਸ ਪਰੰਪਰਾ ਦੀਆਂ ਬੰਦਸ਼ਾਂ ਤੋਂ ਸਪਸ਼ਟ ਹੁੰਦੀ ਹੈ। ਚੈਤੰਨਯ ਸੰਪਰਦਾ ਦੀ ਕੀਰਤਨ ਸ਼ੈਲੀ ਦੀਆਂ ਬੰਦਸ਼ਾਂ ਮੁੱਖ ਹਨ ਸ਼ਾਸਤਰੀ ਤੇ ਲੋਕ ਸੰਗੀਤ ਅੰਗ

ਤੇ ਆਧਾਰਿਤ ਹਨ। ਇਨਾਂ ਬੰਦਸ਼ਾਂ ਦਾ ਗਾਇਨ ਪ੍ਰਬੰਧ ਅੰਗ ਨਾਲ ਅਤੇ ਲੋਕ ਧਾਰਨਾ ਤੇ ਆਧਾਰਿਤ ਮਹਾਮੰਤਰ ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਸ ਤਰ੍ਹਾਂ ਰਾਧਾ ਵਲੱਭ ਸੰਪਰਦਾ ਦੀਆਂ ਕੀਰਤਨ ਰਚਨਾਵਾਂ ਦੀਆਂ ਬੰਦਸ਼ਾਂ ਪ੍ਰਬੰਧ ਅੰਗ ਅਤੇ ਹਰੀਦਾਸ ਸੰਪਰਦਾ ਦੀਆਂ ਕੀਰਤਨ ਬੰਦਸ਼ਾਂ ਆਧੁਨਿਕ ਧਰੁਪਦ ਅੰਗ ਤੇ ਗਾਈਆਂ ਜਾਂਦੀਆਂ ਹਨ।

ਉਪਰੋਕਤ ਗੁਰਮਤਿ ਸੰਗੀਤ ਅਤੇ ਭਾਰਤੀ ਕੀਰਤਨ ਪਰੰਪਰਾਵਾਂ ਦੀਆਂ ਰਚਨਾਵਾਂ ਦੀਆਂ ਬੰਦਸ਼ਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਸੰਗੀਤ ਦੀਆਂ ਬੰਦਸ਼ਾਂ ਆਪਣੇ ਇੱਕ ਵਿਸਿਸ਼ਟ ਸਿਧਾਂਤ ਤੇ ਆਧਾਰਿਤ ਹੋਣ ਕਰਕੇ ਇਕ ਨਿਸ਼ਚਿਤ ਵਿਵਹਾਰਿਕਤਾ ਵਿਚ ਪ੍ਰਵਰਿਤ ਹੁੰਦੀਆਂ ਹੋਈਆਂ ਆਪਣੇ ਸੰਗੀਤਕ ਸੰਕੇਤ, ਸੰਗੀਤਕ ਗਾਇਨ ਰੂਪਾਂ ਕਰਕੇ ਪੂਰਵਕਾਲੀਨ ਤੇ ਸਮਕਾਲੀਨ ਕੀਰਤਨ ਪਰੰਪਰਾਵਾਂ ਦੀਆਂ ਬੰਦਸ਼ਾਂ ਤੋਂ ਭਿੰਨ ਹਨ। ਜਦੋਂ ਕਿ ਦੂਸਰੀਆਂ ਭਾਰਤੀ ਕੀਰਤਨ ਪਰੰਪਰਾਵਾਂ ਦੀਆਂ ਰਚਨਾਵਾਂ ਦੀਆਂ ਬੰਦਸ਼ਾਂ ਨੂੰ ਦੇਖਦੇ ਹੋਏ ਇਹ ਗੱਲ ਦ੍ਰਿਸ਼ਟੀਗੋਚਰ ਹੁੰਦੀ ਹੈ। ਕਿ ਵਿਭਿੰਨ ਕੀਰਤਨ ਪਰੰਪਰਾਵਾਂ ਦੀਆਂ ਕੀਰਤਨ ਸ਼ੈਲੀਆਂ ਵੱਖੋ-ਵੱਖਰੀਆਂ ਹਨ ਅਤੇ ਇਹ ਵੀ ਸੁਨਿਸ਼ਚਿਤ ਨਹੀਂ ਕੀਤਾ ਜਾ ਸਕਦਾ ਹੈ ਕਿ ਇਹ ਆਪਣੇ ਮੌਲਿਕ ਰੂਪ ਵਿਚ ਹਨ ਪਰ ਉਪਲਬਧ ਬੰਦਸ਼ਾਂ ਦੇ ਆਧਾਰ ਤੇ ਦੂਸਰੀਆਂ ਭਾਰਤੀ ਕੀਰਤਨ ਪਰੰਪਰਾਵਾਂ ਆਪੋ ਆਪਣੇ ਸੰਸਥਾਗਤ ਪੱਧਰ ਤੇ ਆਪੋ ਆਪਣੇ ਵਿਧਾਨ ਅਨੁਸਾਰ ਗਾਈਆਂ ਜਾ ਰਹੀਆਂ ਹਨ।

ਗੁਰਮਤਿ ਸੰਗੀਤ ਦੀਆਂ ਵੱਖ-ਵੱਖ ਸੰਗੀਤਕ ਇਕਾਈਆਂ ਦੇ ਸੰਦਰਭ ਵਿੱਚ ਕੀਰਤਨ ਪਰੰਪਰਾਵਾਂ ਦੀਆਂ ਬੰਦਸ਼ਾਂ ਦਾ ਅਧਿਐਨ ਕਰੀਏ ਤਾਂ ਗੁਰਮਤਿ ਸੰਗੀਤ ਵਿੱਚ ਬਾਣੀ ਦੇ ਸੰਚਾਰ ਲਈ ਰਾਗਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਬਾਣੀ ਉਪਰ ਰਾਗ ਦਾ ਅੰਕਣ ਕੀਰਤਨਕਾਰ ਲਈ ਸੰਬੰਧਿਤ ਰਾਗ ਅਧੀਨ ਸ਼ਬਦ ਗਾਉਣ ਦਾ ਨਿਰਦੇਸ਼ ਹੈ। ਸੰਗੀਤ ਦੇ ਸਰੋਤ ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਕੁਲ 31 ਮੁੱਖ ਰਾਗ ਅਤੇ 31 ਰਾਗ ਪ੍ਰਕਾਰਾਂ ਵਿੱਚ ਬਾਣੀ ਗਾਉਣ ਦਾ ਆਦੇਸ਼ ਹੈ। ਇਹੀ ਨਹੀਂ ਸ਼ਬਦ ਨੂੰ ਰਾਗਾਂ ਦੀਆਂ ਸਮੂਹ ਅਤੇ ਵਿਭਿੰਨ ਸਮਰਥਾਵਾਂ ਅਧੀਨ ਸੰਚਾਰਿਤ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਦੇ ਮੌਲਿਕ ਸੰਗੀਤ ਵਿਧਾਨ ਦੀ ਵਿਗਿਆਨਕ ਦ੍ਰਿਸ਼ਟੀ ਦੇ ਆਧਾਰ ਤੇ ਗੁਰੂਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਅਤੇ ਉਨ੍ਹਾਂ ਦੇ ਅੰਤਰਗਤ ਆਏ ਰਾਗ ਪ੍ਰਕਾਰਾਂ ਦੇ ਕਈ ਵਰਗਾਂ ਵਿੱਚ ਸ਼ਬਦ ਰਚਨਾਵਾਂ ਨੂੰ ਗਾਇਆ ਜਾਂਦਾ ਹੈ ਅਤੇ ਇਸ ਤੋਂ ਇਲਾਵਾ ਗੁਰਮਤਿ ਸੰਗੀਤ ਵਿੱਚ ਦੱਖਣੀ ਪੱਧਤੀ ਦੇ ਰਾਗ ਅਤੇ ਗੁਰਮਤਿ ਸੰਗੀਤ ਦੇ ਮੌਲਿਕ ਰਾਗ ਵਿਸ਼ੇਸ਼ ਹਨ।

ਉਕਤ ਵਿਵੇਚਨਾ ਤੋਂ ਪਤਾ ਲੱਗਦਾ ਹੈ ਕਿ ਗੁਰਮਤਿ ਸੰਗੀਤ ਦੇ ਅੰਤਰਗਤ ਵਿਭਿੰਨ ਰਾਗ ਅਤੇ ਰਾਗ ਪ੍ਰਕਾਰਾਂ ਵਿੱਚ ਸ਼ਬਦਾਂ ਨੂੰ ਗਾਇਆ ਜਾਣਾ ਨਿਰਧਾਰਿਤ ਪਰੰਪਰਾ ਹੈ। ਇਸ ਦੀ ਤੁਲਨਾ ਵਿੱਚ ਕੀਰਤਨ ਪਰੰਪਰਾਵਾਂ ਵਿੱਚ ਨਿਬਾਰਕ ਸੰਪਰਦਾ, ਵਰਕਰੀ, ਵੱਲਭ, ਰਾਧਾ ਵੱਲਭੀ ਤੇ ਸਖੀ ਸੰਪਰਦਾ ਵਿੱਚ ਰਚਨਾਵਾਂ ਨੂੰ ਰਾਗਾਂ ਅਧੀਨ ਗਾਉਣ ਦੀ ਪਰੰਪਰਾ ਵਿਦਮਾਨ ਰਹੀ ਹੈ। ਇਹ ਰਾਗ ਨਿਰੋਲ ਭਾਰਤੀ ਸੰਗੀਤ ਪਰੰਪਰਾ ਵਿਚੋਂ ਹੀ ਹਨ।

ਗੁਰਮਤਿ ਸੰਗੀਤ ਦੇ ਅੰਤਰਗਤ ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਜਿਸ ਤਰ੍ਹਾਂ ਸ਼ਬਦਾਂ ਦੇ ਉਪਰ ਰਾਗਾਂ ਦੇ ਨਾਂ ਦਿੱਤੇ ਹਨ, ਉਸੀ ਪ੍ਰਕਾਰ ਤਾਲਾਂ ਦੇ ਨਾਂ ਨਹੀਂ ਦਿੱਤੇ ਗਏ। ਜਿਸ ਲਈ ਸਿੱਖ ਕੀਰਤਨਕਾਰ ਤਾਲਾਂ ਦੇ ਵਿਸ਼ੇ ਵਿੱਚ ਪੂਰਨ ਤੌਰ ਤੇ ਸੁਤੰਤਰ ਹਨ ਅਤੇ ਇਹ ਕਿਸੀ ਵੀ ਤਾਲ ਵਿੱਚ ਕੀਰਤਨ ਕਰ ਸਕਦੇ ਹਨ। ਸਿੱਖ ਕੀਰਤਨ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਤਾਲਾਂ ਦੇ ਬੋਲਾਂ ਦਾ ਸਵਰੂਪ ਮ੍ਰਿਦੰਗ ਦੇ ਬੋਲਾਂ ਨਾਲ ਮਿਲਦਾ-ਜੁਲਦਾ ਹੈ। ਜਿਸ ਦਾ ਮੁੱਖ ਕਾਰਨ ਹੈ ਕਿ ਸਿੱਖ ਧਰਮ ਦੇ ਆਰੰਭਿਕ ਕਾਲ ਵਿੱਚ ਧਰੁਪਦ ਗਾਇਨ ਹੀ ਪ੍ਰਚਲਿਤ ਸੀ। ਬਾਅਦ ਵਿੱਚ ਤਬਲੇ ਦਾ ਪ੍ਰਚਲਨ ਹੋਣ ਨਾਲ ਸਿੱਖ ਕੀਰਤਨੀਆਂ ਨੇ ਤਬਲੇ ਦਾ ਪ੍ਰਯੋਕ ਕਰਨਾ ਸ਼ੁਰੂਕਰ ਦਿੱਤਾ। ਜਿਵੇਂ ਕਿ ਗਾਇਨ ਪੱਧਤੀ ਪਰੰਪਰਾ ਦੇ ਅਨੁਸਾਰ ਆਉਣ ਵਾਲੀ ਪੀੜ੍ਹੀ ਨੂੰ ਪ੍ਰਾਪਤ ਹੁੰਦੀ ਗਈ। ਠੇਕੇ ਦੇ ਬੋਲ ਅਪਰਵਰਤਿਤ ਰੂਪ ਵਿੱਚ ਹੀ ਪ੍ਰਚਲਿਤ ਰਹੇ। ਇਸ ਲਈ ਸਿੱਖ ਕੀਰਤਨ ਵਿੱਚ ਪ੍ਰਯੁਕਤ ਹੋਣ ਵਾਲੇ ਇੱਕ ਦੋ ਤਾਲਾਂ ਨੂੰ ਛੱਡ ਕੇ ਬਾਕੀ ਤਾਲਾ ਦੇ ਸਰੂਪ ਅਤੇ ਠੇਕਿਆਂ ਦੇ ਬੋਲ ਸ਼ਾਸਤਰੀ ਸੰਗੀਤ ਦੇ ਤਾਲਾਂ ਤੋਂ ਭਿੰਨ ਹਨ। ਗੁਰਮਤਿ ਸੰਗੀਤ ਦੀਆਂ ਕੀਰਤਨ ਸ਼ੈਲੀਆਂ ਵਿੱਚ ਕੁੱਝ ਅਜਿਹੇ ਤਾਲਾਂ ਦਾ ਪ੍ਰਯੋਗ ਦੇਖਣ ਵਿੱਚ ਆਉਂਦਾ ਹੈ। ਜਿਨ੍ਹਾਂ ਦਾ ਪ੍ਰਯੋਗ ਵਿਵਹਾਰ ਵਿੱਚ ਪ੍ਰਯੋਗ ਘੱਟ ਹੁੰਦਾ ਹੈ। ਇਹ ਤਾਲਾਂ ਕੇਵਲ ਕੁਸ਼ਲ ਰਾਗੀਆਂ ਦੁਆਰਾ ਪ੍ਰਯੋਗ ਕੀਤੀਆਂ ਜਾਂਦੀਆਂ ਹਨ। ਜਿਵੇਂ ਸਿਖ਼ਰ ਤਾਲ, ਪੌੜੀ ਤਾਲ, ਫਰੋਦਸਤ ਤਾਲ, ਬੀਰ ਤਾਲ, ਸੂਲਫਾਕਤਾ। ਇਸ ਦੀ ਤੁਲਨਾ ਵਿੱਚ ਭਾਰਤੀ

ਕੀਰਤਨ ਪਰੰਪਰਾ ਦੀਆਂ ਰਚਨਾਵਾਂ ਦੀਆਂ ਬੰਦਸ਼ਾਂ ਦੇਖਣ ਨੂੰ ਗਿਆਤ ਹੁੰਦੀਆਂ ਹਨ। ਜਿਹੜੀਆਂ ਕਿ ਚਾਰ ਤਾਲ, ਏਕ ਤਾਲ, ਝਪ ਤਾਲ, ਦਾਦਰਾ ਕਹਿਰਵਾ ਆਦਿ ਵਿੱਚ ਹਨ।

ਸਮੁੱਚੇ ਤੌਰ ਗੁਰਮਤਿ ਸੰਗੀਤ ਅਤੇ ਹਿੰਦੂਸਤਾਨੀ ਕੀਰਤਨ ਪਰੰਪਰਾਵਾਂ ਦੀਆਂ ਬੰਦਸ਼ਾਂ ਨੂੰ ਗਹੁ ਨਾਲ ਵਾਚਨ ਨਾਲ ਇਹ ਗੱਲ ਭਲੀ ਭਾਂਤ ਸਪੱਸ਼ਟ ਹੁੰਦੀ ਹੈ ਕਿ ਇਨ੍ਹਾਂ ਬੰਦਸ਼ਾਂ ਨੇ ਸਾਡੀਆਂ ਕੀਰਤਨਸ਼ੈਲੀ ਦਾ ਪੁਰਾਤਨ ਵਿਰਸਾ ਸੰਭਾਲੀ ਰੱਖਿਆ ਹੈ ਜਿਸ ਨਾਲ ਇਨ੍ਹਾਂ ਕੀਰਤਨ ਪਰੰਪਰਾਵਾਂ ਦੀ ਸ਼ੈਲੀ ਸਮੇਂ-ਸਮੇਂ ਸਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ ਇਨ੍ਹਾਂ ਬੰਦਸ਼ਾਂ ਦੇ ਭੈਤਾ ਵਿੱਚੋਂ ਰਚਨਾ ਦਾ ਵਿਸ਼ਾ ਰਾਗ ਗਾਇਨ ਰੂਪ ਤਾਲਾ ਆਦਿ ਦਾ ਤੁਲਨਾਤਮਕ ਅਧਿਐਨ ਕਰਨ ਨਾਲ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਦੂਸਰੀਆਂ ਕੀਰਤਨ ਪਰੰਪਰਾਵਾਂ ਤੋਂ ਸਹਿਜੇ ਹੀ ਭਿੰਨ ਹੋ ਜਾਂਦੀ ਹੈ। ਵਾਸਤਵ ਵਿੱਚ ਗੁਰੂ ਕਾਲ ਤੋਂ ਹੀ ਗੁਰਮਤਿ ਸੰਗੀਤ ਦੇ ਤਹਿਤ ਕੀਰਤਨ ਦੀ ਪਰੰਪਰਾ ਸਿੱਖੀ ਜੀਵਨ ਜਾਚ ਦਾ ਇੱਕ ਲਾਜ਼ਮੀ ਅਤੇ ਅਨਿੱਖੜ ਅੰਗ ਹੈ। ਇਸ ਦੇ ਅੰਤਰਗਤ ਸਿੱਖ ਧਰਮ ਵਿੱਚ ਸਿਰਜੀ ਗਈ ਜੀਵਨ ਮਰਯਾਦਾ ਦੇ ਹਰ ਅਵਸਰ ਨੂੰ ਕੀਰਤਨ ਦੁਆਰਾ ਸੁਸੱਜਿਤ ਕੀਤਾ ਗਿਆ ਹੈ। ਸ਼ਬਦ ਕੀਰਤਨ ਦੀ ਵਿਸ਼ਿਸ਼ਟ ਸਿਧਾਂਤਕਤਾ, ਵਿਵਹਾਰਕਤਾ ਅਤੇ ਇਤਿਹਾਸਕ ਸੰਦਰਭ ਦੇ ਸਰੂਪ ਅਧੀਨ ਗਾਇਨਾਂ ਦੇ ਬਚਨ ਦਾ ਵਿਸ਼ਾਲ ਸਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ ਸਦੀਆਂ ਤੋਂ ਸਥਾਪਿਤ ਗੁਰਮਤਿ ਸੰਗੀਤ ਦੇ ਵਿਵਹਾਰਕ ਖਜਾਨੇ ਦੀ ਸੁਰੱਖਿਆ ਅਤੇ ਸੰਭਾਲ ਲਈ 19ਵੀਂ ਤੇ 21 ਵੀਂ ਸਦੀ ਦੇ ਕੁਸ਼ਲ ਰਾਗੀਆਂ ਤੇ ਸੰਗੀਤ ਵਿਦਵਾਨਾਂ ਸੁਰਲਿਪੀਆਂ ਤਿਆਰ ਕਰਨ ਦਾ ਕਾਰਜ ਕਰਨ ਵਿੱਚ ਆਪਣਾ ਯੋਗਦਾਨ ਪਾਇਆ ਹੈ ਅਤੇ ਪਾ ਰਹੇ ਹਨ। ਜਿਸ ਸਦਕਾ ਗੁਰਮਤਿ ਸੰਗੀਤ ਦੀ ਸੁਤੰਤਰ ਪਹਿਚਾਣ ਹੋ ਰਹੀ ਹੈ, ਕਿਉਂਕਿ ਇਸ ਖੇਤਰ ਦੇ ਵੱਖ-ਵੱਖ ਗੁਣੀ ਜਨਾਂ ਵੱਲੋਂ ਆਪੋ ਆਪਣੇ ਰਾਗ ਪ੍ਰਯੋਗ ਵਿਧੀ ਦੁਆਰਾ ਸ਼ਬਦਾਂ ਰਚਨਾਵਾਂ ਵਿੱਚ ਆਪਸੀ ਅੰਤਰ ਅਤੇ ਵਿਸ਼ੇਸ਼ਤਾਵਾਂ ਇਕ ਤੁਲਨਾਤਮਕ ਦ੍ਰਿਸ਼ਟੀ ਦੀ ਧਾਰਨੀ ਬਣਾਉਂਦੀਆਂ ਹਨ ਜੋ ਕਿ ਗੁਰਮਤਿ ਸੰਗੀਤ ਦੇ ਵਿਵਹਾਰਕ ਕਾਰਜ ਨੂੰ ਹੋਰ ਵਿਗਿਆਨਕ ਦ੍ਰਿਸ਼ਟੀ ਤੋਂ ਅਮੀਰ ਕਰ ਰਹੀਆਂ ਹਨ।

ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ



# ਸੁਰ ਲਿਪੀ - ਰਾਗ ਸਾਰੰਗ

ਨਰਿੰਦਰ ਕੌਰ

ਥਾਟ - ਕਾਫ਼ੀ
ਜਾਤੀ - ਔਡਵ
ਸੁਰ - ਦੋਨੋਂ ਨਿਸ਼ਾਦ, ਬਾਕੀ ਸੁਰ ਸ਼ੁੱਧ।
ਵਾਦੀ - ਰੇ
ਸੰਵਾਦੀ - ਪ
ਸਮਾਂ - ਦਿਨ ਦਾ ਤੀਜਾ ਪਹਿਰ
ਅਰੋਹ - ਸ ਰੇ ਮ ਪ, ਨੀ ਸਂ
ਅਵਰੋਹ - ਸਂ ਨ਼ੀ ਪ, ਮ ਰੇ, ਸ।
ਪਕੜ - ਨ਼ੀ ਸ ਰੇ, ਮ ਰੇ, ਪ ਮ ਰੇ, ਸ।

ਰਾਗ ਸਾਰੰਗ - ਤਿੰਨ ਤਾਲ (ਮੱਧ ਲੈਅ)

ਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | ਮ | ਪ | ਨੀ | ਸਂ | ਨ਼ੀ | ਪ | ਮ | ਰੇ | ਨ਼ੀ | ਸ |
| | | | | | | ਠਾ | ਕੁਰ | ਤੁ | ਮ | ਸ | ਰ | ਨਾ | s | ਈ | s |
| ਰੇ | - | ਮ | - | ਪ | - | - | - | - | ਰੇ | ਰੇ | ਸ | ਰੇ | ਮ | ਮ | ਨ਼ੀ |
| ਆ | s | s | s | ਇਆ | s | s | s | s | ਉਤ | ਰ | ਗ | ਇਓ | s | ਮੇ | ਰੇ |
| ਪ | ਮ | ਰੇ | ਸ | ਰੇ | ਨੀ | ਸ | - | - | ਨੀ | ਨੀ | ਨੀ | ਸਂ | ਸਂ | ਸਂ | ਸਂ |
| ਮ | ਨ | ਕਾ | s | ਸੰ | s | ਸਾ | s | s | ਜ | ਬ | ਤੇ | ਦ | ਰ | ਸ | ਨ |
| ਨੀ | ਸਂ | ਨੀਸਂ | ਰੇਂਸਂ | ਨ਼ੀ | - | ਪ | - | - | ਨੀ | ਨੀ | ਨੀ | ਸਂ | ਸਂ | ਸਂ | ਸਂ |
| ਪਾ | s | ss | ss | ਇਆ | s | s | s | s | ਜ | ਬ | ਤੇ | ਦ | ਰ | ਸ | ਨ |
| ਨੀ | ਸਂ | ਨੀਸਂ | ਰੇਂਸਂ | ਨ਼ੀ | ਪ | | | | | | | | | | |
| ਪਾ | s | ss | ss | ਇਆ | s | | | | | | | | | | |
| ਅੰਤਰਾ | | | | | | | | | | | | | | | |
| | | | | | | | | - | ਮ | ਮ | - | ਪ | ਪ | ਨੀ | ਨੀ |
| | | | | | | | | s | ਅਨ | ਬੋ | s | ਲ | s | ਮੇ | ਰੀ |
| ਸਂ | ਸਂ | ਸਂ | - | ਰੇਂ | ਨੀ | ਸਂ | - | - | ਨੀ | ਨੀ | ਨੀ | ਸਂ | - | ਸਂ | ਸਂ |
| ਬਿ | ਰ | ਥਾ | s | ਜਾ | s | ਨੀ | s | s | ਅ | ਪ | ਨਾ | ਨਾ | s | ਮ | ਜ |
| ਨੀ | ਸਂ | ਨੀਸਂ | ਰੇਂਸਂ | ਨੀ | - | ਪ | - | - | ਮ | ਮ | - | ਪ | - | ਨੀ | ਨੀ |
| ਪਾ | s | ss | ss | ਇਆ | s | s | s | s | ਦੂਖ | ਨਾ | s | ਠੇ | s | ਸੁ | ਖ |
| ਸਂ | ਸਂ | ਸਂ | ਸਂ | ਰੇਂ | ਨੀ | ਸਂ | - | - | ਨੀਸਂ | ਰੇਂ | ਸਂ | ਰੇਂ | ਰੇਂ | ਸਂ | ਸਂ |
| ਸ | ਹ | ਜ | ਸ | ਮਾ | s | ਏ | s | s | ਅਨੁ | ਦ | ਅ | ਨ | ਦ | ਗੁ | ਣ |
| ਨੀ | ਸਂ | ਨੀਸਂ | ਰੇਂਸਂ | ਨ਼ੀ | - | ਪ | - | - | ਨੀ | ਨੀ | ਨੀ | ਸਂ | ਸਂ | ਸਂ | ਸਂ |
| ਗਾ | s | ss | ss | ਇਆ | s | s | s | s | ਅਨ | ਦ | ਅ | ਨ | ਦ | ਗੁ | ਣ |
| ਨੀ | ਸਂ | ਨੀਸਂ | ਰੇਂਸਂ | ਨ਼ੀ | ਪ | | | | | | | | | | |
| ਗਾ | s | ss | ss | ਇਆ | s | | | | | | | | | | |

ਬਾਕੀ ਦੇ ਅੰਤਰੇ ਇਸੇ ਧੁਨ ਤੇ।

ਗੁਰਬਾਣੀ ਕੀਰਤਨ ਵਿਚ ਇਹ ਇਕ ਆਮ ਪ੍ਰਚਲਤ ਧੁਨ ਹੈ। ਇਸ ਤਰਜ਼ ਤੇ ਸਾਰੰਗ ਰਾਗ ਦੇ ਹੋਰ ਕਈ ਸ਼ਬਦਾਂ ਦਾ ਗਾਇਨ ਵੀ ਕੀਤਾ ਜਾ ਸਕਦਾ ਹੈ।

ਆਰੀਆ ਕਾਲਜ, ਪਠਾਨਕੋਟ

ਅੰਗ ੧੨੧੯

ਸਾਰਗ ਮਹਲਾ ੫ ॥

Saarang, Fifth Mehl:

ਠਾਕੁਰ ਤੁਮ੍ ਸਰਣਾਈ ਆਇਆ ॥

O my Lord and Master, I have come to Your Sanctuary.

ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥

The anxiety of my mind departed, when I gazed upon the Blessed Vision of Your Darshan. ||1||Pause||

ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥

You know my condition, without my speaking. You inspire me to chant Your Name.

ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥੧॥

My pains are gone, and I am absorbed in peace, poise and bliss, singing Your Glorious Praises. ||1||

ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥

Taking me by the arm, You lifted me up, out of the deep dark pit of household and Maya.

ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥

Says Nanak, the Guru has broken my bonds, and ended my separaation; He has united me with God. ||2||51||74||


# ਗੁਰਮਤਿ ਸੰਗੀਤ ਵਿਸ਼ੇਸ਼ ਅੰਕ-ਭਾਗ ਪਹਿਲਾ

ਇਸ ਅੰਕ ਵਿਚ : ਗੁਰਮਤਿ ਸੰਗੀਤ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਵਿਚ ਤਬਲਾਵਾਦਨ (ਜੋੜੀ), ਗੁਰਮਤਿ ਸੰਗੀਤ ਸ਼ਸਤਰ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿਚ ਰਾਗ ਗਉੜੀ ਤੇ ਉਸਦੇ ਪ੍ਰਕਾਰ, ਗੁਰਮਤਿ ਸੰਗੀਤ ਵਿਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ ਲੇਖ ਸ਼ਾਮਲ ਹਨ।

ਜੇ ਤੁਹਾਨੂੰ ਇਹ ਅੰਕ ਚਾਹੀਦਾ ਹੈ ਤਾਂ ਸੰਪਰਕ ਕਰੋ ਜੀ:

ਡਾ. ਜਾਗੀਰ ਸਿੰਘ, ਸੰਪਾਦਕ 'ਅੰਮ੍ਰਿਤ ਕੀਰਤਨ',

ਮੋਬਾਇਲ : 9814053630

## Oxford recognition for Dr. Gurnam Singh, Professor, PUP



Punjabi University has achieved another feather in its cap when its senior professor and Gurmat Sangeet's scholar Dr. Gurnam Singh is given recognition in THE OXFORD HANDBOOK OF SIKH STUDIES. While appreciating the efforts of Dr. Gurnam Singh in preparing such a wonderful research paper that has been published by The Oxford University Press, Vice Chancellor Dr. Jaspal Singh said that Dr. Gurnam Singh has brought the name of Punjabi University at International level by putting in innovative work in the field of Sikh music traditions. The Oxford Handbook of Sikh Studies innovatively combines the ways in which scholars from different fields have integrated the study of Sikhism within a wide range of critical and post-colonial perspectives on the nature of religion, violence, gender, ethno-nationalism and revisionist historiography. It is pertinent to mention that a number of essays in this collection also provide a more practical dimension written by scholars and practitioners of the concerned tradition.

Dr. Gurnam Singh, founder professor and head of Gurmat Sangeet Chair and department of Gurmat Sangeet, Punjabi University has contributed his paper on Sikh Music. In his paper Dr. Singh has elaborated on the Sikh music tradition that this Sikh sacred music is an art of spiritual communication through the medium of devotional singing of scriptural hymns. In the second part he has dwelt at length on the development of Sikh music commenced with Guru Nanak and continued his successors. While describing the Shabad Kirtan; classical folk singing styles and many other sensitive issues relating to Sikh music traditions Dr. Singh tried to contribute a prestigious research paper on all aspects.

Dr. Gurnam Singh is amongst very few scholars who have been bestowed with this prestigious presentation which has been dedicated to the memory of Prof. Harbans Singh who has done commendable work in the field of Sikh Studies.

Postal Regd. No. G/CHD /0045/2012-14 RNI Regd. No. 46788/89 ISSN 0972-2335

# ਬਰਸੁ ਮੇਘ ਜੀ

ੴ

## ਗੁਰਬਾਣੀ ਕੀਰਤਨ

ਡਾ ਜਾਗੀਰ ਸਿੰ , ਚੰਡੀਗ

## ਬਰਸੁ ਮੇਘ ਜੀ

## BARAS MEGH JI

- ਬਰਸੁ ਮੇਘ ਜੀ
- ਮੋਰੀ ਰੁਣ ਝੁਣ ਲਾਇਆ
- ਬਰਸੁ ਘਨਾ ਮੇਰਾ ਮਨੁ ਭੀਨਾ
- ਕਿਆ ਨਾਹੀ ਘਰਿ ਤੇਰੈ

- Baras Megh ji
- Mori Run Jhun Laya
- Baras Ghana Mera Man Bheena
- Kiya Nahi Ghar Tere

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈਸ
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

## ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**